# ਪਾਠ - 1

# ਪਰਿਭਾਸ਼ਾਵਾਂ

## i ਸੰਗੀਤ

ਕਾਦਰ ਦੀ ਕੁਦਰਤ ਵਿੱਚ ਬੇਅੰਤ ਰਚਨਾਵਾਂ ਪਾਈਆਂ ਜਾਂਦੀਆਂ ਹਨ। ਹੋਰਾਂ ਜੀਵਾਂ ਦੀ ਤਰਾਂ ਮਨੁੱਖ ਵੀ ਪ੍ਰਕਿਰਤੀ ਵਿੱਚ ਦਿੱਖਣ ਅਤੇ ਸੁਣਨ ਵਾਲੀਆਂ ਸੁੰਦਰਤਾਵਾਂ ਤੋਂ ਮੋਹਿਆ ਗਿਆ ਹੈ। ਹਜ਼ਾਰਾਂ ਸਾਲਾਂ ਤੋਂ ਮਨੁੱਖ ਫੁੱਲਾਂ, ਪੇੜ ਪੌਦਿਆਂ, ਪੰਛੀਆਂ, ਪਸ਼ੂਆਂ, ਪਹਾੜਾਂ, ਨਦੀਆਂ ਤੇ ਝਰਨਿਆਂ ਤੋਂ ਆਕਰਸ਼ਿਤ ਹੋਇਆ ਹੈ। ਬੱਦਲਾਂ ਦੇ ਮੌਸਮ ਵਿੱਚ ਮੋਰਾਂ ਦੇ ਨਾਚ, ਅੰਬਾਂ ਦੇ ਮੌਸਮਾਂ ਵਿੱਚ ਕੋਇਲ ਦੀ ਕੂ ਕੂ, ਸਵੇਰੇ ਪਹੁ ਫੱਟਣ ਤੇ ਪੰਛੀਆਂ ਦੀਆਂ ਚਹਿਕਾਵਾਂ, ਆਸਮਾਨਾ ਵਿੱਚ ਉੱਡਦੇ ਚਹਿਕਾਂਦੇ ਪੰਛੀਆਂ ਦੀਆਂ ਮਨਮੋਹਕ ਆਵਾਜ਼ਾਂ ਮਨੁੱਖੀ ਮਨ ਨੂੰ ਭਰਪੂਰ ਖੁਸ਼ੀਆਂ ਦਿੰਦੀਆਂ ਆਈਆਂ ਹਨ। ਇਸ ਤਰਾਂ ਮਨੁੱਖ ਦੀ ਰਚਨਾਤਮਕ ਵਿਲੱਖਣਤਾ ਨੇ ਇਨ੍ਹਾਂ ਬੇਅੰਤ ਕੁਦਰਤੀ ਕਲਾਵਾਂ ਤੋਂ ਸਿਖਦਿਆਂ ਭਾਸ਼ਾਵਾਂ ਦੇ ਰੂਪ ਵਿੱਚ ਆਪਣੀਆਂ ਭਾਵਨਾਵਾਂ ਤੇ ਕੁਦਰਤ ਦੀਆਂ ਰਚਨਾਵਾਂ ਪ੍ਰਗਟਾਉਣ ਦੀ ਯੋਗਤਾ ਅਤੇ ਫਿਰ ਇਸ ਨੂੰ ਸੁਰਾਂ ਤੇ ਲੈਆਂ ਵਿੱਚ ਬੋਲਣਾ ਸਿਖਦਿਆਂ ਸੰਗੀਤ ਤੱਕ ਪਹੁੰਚਣ ਦੀ ਸਫਲਤਾ ਪ੍ਰਾਪਤ ਕੀਤੀ।

ਦੁਨੀਆਂ ਦੇ ਹਰ ਕੋਨੇ ਤੋਂ ਸਦੀਆਂ ਤੋਂ ਇਨ੍ਹਾਂ ਕਲਾਵਾਂ ਦਾ ਵੇਰਵਾ ਮਿਲਦਾ ਹੈ। ਖਾਸ ਕਰਕੇ ਆਪਣੇ ਪੁਰਾਤਨ ਗਰੰਥਾਂ ਵਿੱਚ ਵੇਦਾਂ ਪੁਰਾਣਾ ਵਿੱਚ। ਸੰਗੀਤ ਦੀਆਂ ਪ੍ਰਭਿਸ਼ਾਵਾਂ ਇਸ ਤਰਾਂ ਹਨ :

''ਸਮਯਕ ਗੀਯਤੇ ਇਤਿ ਸੰਗੀਤਮ''

''ਸਮਯਕ ਪ੍ਰਕਾਰੇਣ ਯਦਿ ਗੀਯਤੇ ਤਤ੍ਰਸੰਗੀਤਮ''

ਇਸ ਸਮਯਕ ਭਾਵ ਯੋਗ, ਪ੍ਰਕਾਰੇਣ ਭਾਵ ਤਰੀਕਾ ਹੈ। ਇਸ ਮੁਤਾਬਕ ਯੋਗ ਅਤੇ ਠੀਕ ਤਰੀਕੇ ਨਾਲ ਗਾਉਣ ਨੂੰ ਸੰਗੀਤ ਕਿਹਾ ਜਾਂਦਾ ਹੈ।

ਸੰਗੀਤ ਰਚਨਾਹਾਰ ਵਿੱਚ ਇਸਦੀ ਪਰਿਭਾਸ਼ਾ ਇਸ ਤਰਾਂ ਹੈ

''ਗੀਤੰ ਵਾਦਯੰ ਤਥਾ ਨ੍ਰਿਤਯੰ ਤ੍ਰੈਯੰ ਸੰਗੀਤ ਮੁਚਯਤੇ'' ਭਾਵ ਗੀਤ ਗਾਉਣ, ਸਾਜ ਵਜਾਉਣ ਅਤੇ ਨਾਚ ਤਿੰਨਾਂ ਦੀ ਯੋਗ ਤੇ ਸੁਮੇਲਤਾ ਸੰਗੀਤ ਹੈ। ਮਹਾਨ ਲੇਖਕ ਭਾਈ ਕਾਨ ਸਿੰਘ ਨਾਭਾ ਜੀ ਦੇ ਮਹਾਕੋਸ਼ ਅਨੁਸਾਰ ''ਸੰਗੀਤ : ਸੰ - ਗੀਤ ਨ੍ਰਿਤ, ਗਾਯਨ ਅਤੇ ਬਜਾਉਣ, ਇੰਨਾ ਤਿੰਨਾਂ ਦਾ ਸਮੁਦਾਏ ਹੈ।''

ਇਸ ਤਰਾਂ ''ਗੀਤ'' ਆਵਾਜ਼ ਰਾਹੀਂ ਸ਼ਬਦਾਂ ਦੇ ਪ੍ਰਗਟਾਉਣ ਦੁਆਰਾ ਆਪਣੀਆਂ ਭਾਵਨਾਵਾਂ ਨੂੰ ਦਰਸਾਉਣ ਤੋਂ ਬਣਿਆ ਹੈ। ਇਸ ਨੂੰ ਰੌਚਕ ਬਣਾਉਣ ਲਈ, ਇਸ ਦੇ ਅਨੁਸਾਰ ਸਾਜ਼ਾਂ ਦਾ ਵਿਕਾਸ ਹੋਇਆ।

'ਨੱਚਣ ਖੇਡਣ ਮਨ ਦਾ ਚਾਉ'

ਗਾਉਣ ਅਤੇ ਵਜਾਉਣ ਦੇ ਨਾਲ - ਨਾਲ ਨਾਚ ਦੁਆਰਾ ਸਰੀਰਕ ਹਾਵਾਂ ਭਾਵਾਂ ਰਾਹੀਂ ਗੀਤ ਦੇ ਭਾਵਾਂ ਨੂੰ ਹੋਰ ਰੌਚਕ ਅਤੇ ਸਪਸ਼ਟ ਬਣਾਇਆ ਗਿਆ।

ਇਸ ਤਰਾਂ ਸੰਗੀਤ ਕਲਾਵਾਂ ਤਿੰਨ ਤਰਾਂ ਦੀਆਂ ਹਨ :

ਗਾਇਨ : ਆਪਣੇ ਭਾਵਾਂ ਨੂੰ, ਸ਼ਬਦਾਂ ਨਾਲ ਆਪਣੀ ਆਵਾਜ਼ ਰਾਹੀਂ ਪ੍ਰਗਟ ਕਰਨ ਦੀ ਕਲਾ ਨੂੰ ਗਾਇਨ ਕਹਿੰਦੇ ਹਨ

ਵਾਦਨ : ਕਿਸੇ ਵੀ ਤਰਾਂ ਦੇ ਸਾਜ਼ ਨੂੰ ਵਜ਼ਾ ਕੇ ਆਪਣੇ ਭਾਵਾਂ ਨੂੰ ਪ੍ਰਗਟ ਕਰਨ ਦੀ ਕਲਾ ਨੂੰ ਵਾਦਨ ਕਿਹਾ ਜਾਂਦਾ ਹੈ। ਇਹ ਸ਼ਬਦਾਂ ਰਾਹੀਂ ਨਹੀਂ ਬਲਕਿ ਸਵਰਾਂ ਦੀ ਲੈਅ ਅਤੇ ਤਾਲ ਰਾਹੀਂ ਕੀਤਾ ਜਾਂਦਾ ਹੈ।

ਨਰਿਤ : ਆਪਣੇ ਸਰੀਰਕ ਮੁਦਰਾਵਾਂ ਨਾਲ ਮਨ ਦੇ ਭਾਵਾਂ ਨੂੰ ਦਰਸਾਨ ਦੀ ਕਲਾਂ ਨੂੰ ਨਰਿਤ ਕਿਹਾ ਜਾਂਦਾ ਹੈ। ਨਰਿਤ ਵੀ ਲੈਅ ਅਤੇ ਤਾਲ ਵਿੱਚ ਹੀ ਹੁੰਦਾ ਹੈ ਜਿਸ ਵਿੱਚ ਸਵਰਾਂ ਦੀ ਮੱਦਦ ਵੀ ਲਈ ਜਾਂਦੀ ਹੈ।

<u>ਸੰਗੀਤ ਦੇ ਦੋ ਭਾਗ ਹਨ</u>

<u>(i)ਭਾਵ ਸੰਗੀਤ</u> : ਦਿਲ ਦੇ ਭਾਵਾਂ ਨੂੰ ਪ੍ਰਗਟ ਕਰ ਰਹੇ ਅਤੇ ਆਮ ਜਨਤਾ ਨੂੰ ਆਸਾਨੀ ਨਾਲ ਸਮਝ ਆ ਸਕਣ ਵਾਲੇ ਸੰਗੀਤ ਨੂੰ ਭਾਵ ਸੰਗੀਤ ਕਹਿੰਦੇ ਹਨ। ਇਹ ਜਰੂਰੀ ਨਹੀਂ ਕਿ ਸੰਗੀਤ ਸ਼ਾਸਤਰ ਦੇ ਸਾਰੇ ਨਿਯਮਾਂ ਦੀ ਪਾਲਣਾ ਕੀਤੀ ਜਾਵੇ। ਲੋਕ ਗੀਤ, ਭਜਨ, ਫਿਲਮੀ ਗੀਤ, ਵਿਆਹ ਸ਼ਾਦੀ ਦੇ ਗੀਤ ਆਦਿ ਭਾਵ ਸੰਗੀਤ ਹਨ।

<u>(ii)ਸ਼ਾਸਤੀ ਸੰਗੀਤ</u> : ਸ਼ਾਸਤਰੀ ਸੰਗੀਤ, ਸੰਗੀਤ ਸ਼ਾਸਤਰ ਦੇ ਨਿਯਮਾਂ ਅਨੁਸਾਰ ਗਾਇਆ ਤੇ ਵਜਾਇਆ ਜਾਂਦਾ ਹੈ। ਸਵਰ, ਲੈਅ, ਤਾਲ ਅਤੇ ਰਾਗ ਆਦਿ ਵਿੱਚ ਨਿਯਮਾਂ ਦੀ ਪਾਲਣਾ ਕੀਤੀ ਜਾਂਦੀ ਹੈ। ਇਸ ਸੰਗੀਤ ਦੀ ਵਿਆਕਰਣ ਸੰਗੀਤ ਸ਼ਾਸਤਰ ਅਨੁਸਾਰ ਹੁੰਦੀ ਹੈ ਅਤੇ ਇਸ ਵਿਆਕਰਣ ਦੇ ਨਿਯਮਾਂ ਦੀ ਪੂਰੀ ਪਾਲਣਾ ਕੀਤੀ ਜਾਂਦੀ ਹੈ।

ਰਾਗਾਂ ਅਨੁਸਾਰ ਗੁਰਬਾਣੀ ਦਾ ਗਾਇਨ ਸ਼ਾਸਤਰੀ ਸੰਗੀਤ ਹੈ।

ਵਿਵਹਾਰਿਕ ਤੌਰ ਤੇ ਸੰਗੀਤ ਦੇ ਭਾਗ ਇਸ ਤਰਾਂ ਹਨ :

1. ਸਿਧਾਂਤਿਕ ਸੰਗੀਤ : ਸਿਧਾਂਤਾ ਅਨੁਸਾਰ ਸੰਗੀਤ ਦੇ ਲਿਖਤ ਰੂਪ ਨੂੰ ਸਿਧਾਂਤਕ ਸੰਗੀਤ ਕਹਿੰਦੇ ਹਨ।
2. ਕ੍ਰਿਆਤਮਿਕ ਸੰਗੀਤ : ਗਾਉਣ, ਵਜਾਉਣ ਅਤੇ ਨਾਚ ਦੁਆਰਾ ਪ੍ਰਦਰਸ਼ਿਤ ਸੰਗੀਤ ਨੂੰ ਕ੍ਰਿਆਤਮਿਕ ਸੰਗੀਤ ਕਹਿੰਦੇ ਹਨ।

## ii ਧੁੰਨੀ

ਮਨੁੱਖ ਦਾ ਮਨ ਕੁਦਰਤੀ ਨਜਾਰੇ, ਝਰਨੇ ਪਸ਼ੂ ਪੰਛੀਆਂ ਦੀ ਆਵਾਜ਼ਾਂ, ਮੋਰ ਦੇ ਨ੍ਰਿਤ ਨੂੰ ਵੇਖ ਕੇ ਹਮੇਸ਼ਾ ਆਕਰਸ਼ਿਤ ਹੋਇਆ ਹੈ। ਇਹਨਾਂ ਅਦਭੁਤ ਨਜਾਰਿਆਂ ਨੂੰ ਮਨੁੱਖ ਨੇ ਚਿਤਰਕਲਾ, ਪੰਛੀਆਂ ਦੀ ਆਵਾਜ਼ ਨੂੰ ਗਾ ਕੇ ਅਤੇ ਮੋਰ ਦੇ ਨ੍ਰਿਤ ਨੂੰ ਵੇਖ ਕੇ ਆਪ ਨ੍ਰਿਤ ਕਰਨ ਲਗ ਪਿਆ।

ਮਨੁੱਖ ਨੇ ਮਧੁਰ ਧੁਨੀਆ ਦੀ ਆਵਾਜ਼ ਨੂੰ ਸੁਣਿਆ ਅਤੇ ਸੁਰੀਲੇ ਸੰਗੀਤ ਦੀ ਸਿਰਜਨਾ ਕੀਤੀ। ਆਪ ਗਾਉਣ ਦੇ ਨਾਲ - 2 ਧੁਨੀਆਂ ਨੂੰ ਵੱਖ - 2 ਵਸਤੂਆਂ ਵਿਚੋਂ ਵੀ ਕਢਣ ਲਗਾ। ਖੁਸ਼ੀ ਨੂੰ ਦਰਸਾਉਣ ਲਈ ਆਪਣੇ ਸਰੀਰਿਕ ਅੰਗਾਂ ਸਹਾਰੇ ਲੈਅ ਤਾਲ ਨਾਲ ਲਹਿਰਾਉਣ ਲਗਾ। ਇਹੀ ਅੱਗੇ ਚਲ ਕੇ ਗਾਇਨ, ਵਾਦਨ ਅਤੇ ਨ੍ਰਿਤ ਵਿੱਚ ਵਿਕਸਿਤ ਹੋ ਗਏ।

ਲੈਅ, ਤਾਲ ਦੀ ਸਹਾਇਤਾ ਵਿਕਸਿਤ ਨਾਲਾ ਮਨੁਖੀ ਕੰਠ ਜਾ ਸਾਜ ਦੁਆਰਾਂ ਅਨੇਕ ਧੁਨੀਆਂ ਦੇ ਉਤਪੰਨ

ਕਰਨ ਦੀ ਕਲਾ ਨੂੰ ਸੰਗੀਤ ਕਿਹਾ ਗਿਆ। ਸੰਗੀਤ ਦਾ ਆਧਾਰ ਨਾਦ ਹੈ।

ਧੁਨੀਆਂ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ। ਇਕ ਤਾ ਉਹ ਧੁਨੀਆ ਜੋ ਸੁਣਨ ਵਿੱਚ ਮਧੁਰ ਹੋਵੇ ਉਹ ਸੰਗੀਤ ਲਈ ਉਪਯੋਗੀ ਹੁੰਦੀਆਂ ਹਨ । ਦੂਜੀ ਉਹ ਜੋ ਖਰਵੀਆਂ, ਸ਼ੋਰ ਗੁਲ, ਰੌਲਾ ਹੋਣ ਉਹਨਾਂ ਨੂੰ ਕੋਈ ਵੀ ਸੁਣਨਾ ਪਸੰਦ ਨਹੀਂ ਕਰਦਾ ਉਹ ਸੰਗੀਤ ਲਈ ਅਣਉਪਯੋਗੀ ਹੁੰਦੀਆਂ ਹਨ। ਇਹਨਾਂ ਦਾ ਸੰਗੀਤ ਵਿੱਚ ਕੋਈ ਸਥਾਨ ਨਹੀਂ ਹੁੰਦਾ। ਸੁਰੀਲੀਆਂ ਧੁਨੀਆ ਹੀ ਸੰਗੀਤ ਦਾ ਅਧਾਰ ਹੁੰਦੀਆਂ ਹਨ। ਇਹ ਹੇਠ ਲਿਖੀਆਂ ਹਨ :-

1. ਸੰਗੀਤ ਉਪਯੋਗੀ ਧੁਨੀ
2. ਸੰਗੀਤ ਅਨਉਪਯੋਗ ਧੁਨੀ

ਕਿਸੇ ਦੀ ਆਵਾਜ਼ ਦੀ ਉਤਪੱਤੀ ਦਾ ਕਾਰਣ ਕੰਪਨ ਜਾਂ ਅੰਦੋਲਨ ਹੁੰਦਾ ਹੈ। ਟਕਰਾਓ ਤੇ ਕੰਪਨ ਹੁੰਦੀ ਹੈ ਅਤੇ ਆਵਾਜ਼ ਪੈਦਾ ਹੁੰਦੀ ਹੈ। ਤਾਰ ਨੂੰ ਛੇੜਣ ਨਾਲ ਕੰਪਨ ਹੁੰਦਾ ਹੈ ਕੰਪਨ ਨਾਲ ਆਵਾਜ਼ ਹੁੰਦੀ ਹੈ, ਕੰਪਨ ਬੰਦ ਹੋਣ ਨਾਲ ਆਵਾਜ਼ ਬੰਦ ਹੋ ਜਾਂਦੀ ਹੈ। ਇਸ ਨੂੰ Vibration ਵੀ ਕਿਹਾ ਜਾਂਦਾ ਹੈ ਜੇ ਆਵਾਜ਼ ਵਿੱਚ ਕੰਪਨ ਘਟ ਵੱਧ ਹੋਣ ਤਾ ਇਸ ਨੂੰ ਅਨਿਯਮਿਤ ਅੰਦੋਲਨ ਕਿਹਾ ਜਾਂਦਾ ਹੈ।

ਜੋ ਆਵਾਜ਼ ਨਿਯਮਿਤ ਹੁੰਦੀ ਹੈ, ਮਧੁਰ ਹੁੰਦੀ ਹੈ ਉਹ ਸੰਗੀਤ ਲਈ ਉਪਯੋਗੀ ਹੁੰਦੀ ਹੈ ਅਤੇ ਉਹ ਆਵਾਜ਼ ਜੋ ਬੇਸੁਰੀ, ਕਰਕਮੇ ਹੁੰਦੀ ਹੈ ਉਹ ਸੰਗੀਤ ਲਈ ਮਨ ਉਪਯੋਗੀ ਹੁੰਦੀ ਹੈ। ਉਸ ਦਾ ਸੰਗੀਤ ਵਿਚ ਕੋਈ ਸਥਾਨ ਨਹੀਂ ਹੁੰਦਾ।

ਧੁਨੀ ਦੋ ਪ੍ਰਕਾਰ ਦੀ ਹੁੰਦੀ ਹੈ :-

(i) ਅਨਾਹਤ ਧੁੰਨੀ
(ii) ਆਹਤ ਧੁੰਨੀ

1. ਅਨਾਹਤ ਧੁੰਨੀ -: ਬਿਨਾ ਕਿਸੇ ਚੋਟ, ਰਗੜ ਤੋਂ ਪੈਦਾ ਹੋਈ ਆਵਾਜ (ਧੁੰਨੀ) ਨੂੰ ਅਨਾਹਤ ਧੁੰਨੀ ਕਿਹਾ ਜਾਂਦਾ ਹੈ। ਮੋਕਸ਼ ਦੀ ਪ੍ਰਾਪਤੀ ਲਈ ਰਿਸ਼ੀ ਮੁਨੀ ਇਸ ਦੀ ਉਪਾਸਨਾ ਕਰਦੇ ਸਨ। ਇਹ ਅਜਕਲ ਪ੍ਰਚਾਰ ਵਿੱਚ ਨਹੀਂ ਹੈ।
2. ਆਹਤ ਧੁੰਨੀ -: ਆਹਤ ਦਾ ਅਰਥ ਹੈ 'ਟਕਰਾਉਣਾ'। ਸਭ ਪ੍ਰਕਾਰ ਦੇ ਆਪਸੀ ਕਿਸੇ ਵਸਤੂ ਦੇ ਡਿੱਗਣ ਦੀ ਆਵਾਜ, ਬਰਤਨਾਂ ਦੀ ਆਪਸੀ ਖੜਕਣ ਦੀ ਆਵਾਜ ਅਨਿਯਮਿਤ ਅੰਦੋਲਨ ਪੈਦਾ ਕਰਦੀਆਂ ਹਨ ਇਹ ਬੇਸੁਰੀਆ ਅਤੇ ਕਰਕਸ਼ ਹੁੰਦੀਆ ਹਨ। ਇਹ ਸੰਗੀਤ ਲਈ ਉਪਯੋਗੀ ਨਹੀਂ ਹੁੰਦੀਆ। ਸੰਗੀਤ ਦਾ ਸੰਬੰਧ ਤਾ ਸੁਰੀਲਿਆ ਧੁਨੀਆ ਨਾਲ ਹੈ ਭਾਵ ਨਿਯਮਿਤ ਅੰਦੋਲਨ ਸੰਖਿਆ ਦੁਆਰਾ ਪੈਦਾ ਹੋਇਆ ਧੁਨੀਆ ਹੀ ਸੰਗੀਤ ਲਈ ਸਹਾਈ ਹੁੰਦੀਆਂ ਹਨ ਇਹ ਧੁਨੀਆਂ ਤਿੰਨ ਪ੍ਰਕਾਰ ਨਾਲ ਪੈਦਾ ਹੁੰਦੀਆਂ ਹਨ।

1. ਇਕ ਵਸਤੂ ਦਾ ਦੂਜੀ ਵਸਤੂ ਤੇ ਚੋਟ ਮਾਰਨ ਤੇ ਜਿਵੇਂ - ਤਬਲਾ, ਢੋਲ।
2. ਕਿਸੇ ਵਸਤੂ ਦਾ ਦੂਸਰੀ ਵਸਤੂ ਨਾਲ ਰਗੜਨ ਤੇ ਜਿਵੇਂ - ਸਾਰੰਗੀ ਵਾਇਲਨ
3. ਕਿਸੇ ਵਸਤੂ ਦਾ ਹਵਾ ਦੇ ਪ੍ਰਵੇਸ਼ ਨਾਲ ਜਿਵੇਂ - ਹਰਮੋਨਿਅਮ, ਬੰਸਰੀ, ਸ਼ਹਿਨਾਈ ਆਦਿ।

## iii ਅਲੰਕਾਰ

ਅਲੰਕਾਰ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਸਜਾਉਣਾ। ਜਿਸ ਪ੍ਰਕਾਰ ਇਸਤਰੀ ਆਪਣੇ ਆਪ ਨੂੰ ਜੇਵਰਾਂ ਗਹਿਣਿਆ ਅਭੂਸ਼ਨਾ ਨਾਲ ਸਜਾਉਂਦੀ ਹੈ ਉਸੀ ਪ੍ਰਕਾਰ ਅਲੰਕਾਰ ਸੰਗੀਤ ਦੇ ਜੇਵਰ ਜਾ ਆਭੂਸ਼ਨ ਹਨ ਜੋ ਰਾਗ (ਗੀਤ) ਨੂੰ ਸਜਾਉਂਦੇ ਹਨ।

ਅਲੰਕਾਰ ਵਿੱਚ ਸਵਰ ਸਮੂਹ ਨਿਯਮਿਤ ਕ੍ਰਮ ਵਿੱਚ ਹੁੰਦੇ ਹਨ। ਪੰ: ਅਹੋਬਲ ਜੀ ਅਨੁਸਾਰ, "ਲੜੀਵਾਰ ਸਵਰਾਂ ਦਾ ਸਮੂਹ ਜੋ ਚੰਗੀ ਤਰਾਂ ਗੁੰਦਿਆ ਗਿਆ ਹੋਵੇ 'ਅਲੰਕਾਰ' ਕਹਾਉਂਦਾ ਹੈ।"

ਸੰਗੀਤ ਰਤਨਾਕਰ ਪੰ: ਸਾਰੰਗਦੇਵ ਜੀ ਅਨੁਸਾਰ, "ਵਰਣਾਂ ਵਿੱਚ ਰਚੀ ਗਈ ਸਵਰਾਂ ਦੀ ਵਿਸ਼ੇਸ਼ ਰਚਨਾ ਨੂੰ ਅਲੰਕਾਰ ਕਹਿੰਦੇ ਹਨ।"

ਪੰ: ਵਿਵੇਕ ਸਾਹਨੀ ਜੀ ਕਹਿੰਦੇ ਹਨ, " ਸੁਰਾਂ ਦੀ ਅਜਿਹੀ ਸੁੰਦਰ ਅਤੇ ਵਿਸ਼ੇਸ਼ ਲੈਅ ਬੱਧ ਸਵਰ ਰਚਨਾਂ ਜੋ ਉਸੇ ਕ੍ਰਮ ਵਿੱਚ ਅਰੋਹ ਅਤੇ ਅਵਰੋਹ ਵਿਚ ਗਾਈ / ਵਜਾਈ ਜਾਵੇ ਅਲੰਕਾਰ ਕਹਾਉਂਦੀ ਹੈ।"

ਅਲੰਕਾਰ ਦੇ ਦੋ ਭੇਦ ਹੁੰਦੇ ਹਨ :-

1. ਅਰੋਹ
2. ਅਵਰੋਹ

ਅਲੰਕਾਰ ਵਿੱਚ ਜਿਹੜੀ ਵਿਵਸਥਾ ਅਰੋਹ ਵਿੱਚ ਹੁੰਦੀ ਹੈ ਉਹੀ ਅਵਰੋਹ ਵਿੱਚ ਵੀ ਹੁੰਦੀ ਹੈ ਜਿਵੇਂ :-

ਸ ਰੇ ਗ ਮ ਪ ਧ ਨੀ ਸੰ - ਅਰੋਹ

ਸੰ ਨੀ ਧ ਪ ਮ ਗ ਰੇ ਸ -ਅਵਰੋਹ

ਅਲੰਕਾਰ ਦੀ ਰਚਨਾ ਵਿਧੀ :—

ਅਲੰਕਾਰ ਵਿਚ ਸਵਰਾਂ ਨੂੰ ਵਿਸ਼ੇਸ਼ ਨਿਯਮ ਵਿੱਚ ਰੱਖਿਆ ਜਾਂਦਾ ਹੈ ਅਨੇਕਾਂ ਅਲੰਕਾਰਾਂ ਦੀ ਰਚਨਾ ਕੀਤੀ ਜਾਂਦੀ ਹੈ।

1. ਉਹ ਵਿਸ਼ੇਸ਼ ਸਵਰ ਰਚਨਾ ਹੋਵੇ, ਲੈਅਬੱਧ ਹੋਵੇ ਅਤੇ ਅਰੋਹ ਅਵਰੋਹ ਵਿੱਚ ਰਚੀ ਹੋਵੇ।
2. ਅਲੰਕਾਰ ਸੱਧਮ ਸ ਤੋਂ ਸ਼ੁਰੂ ਕਰਕੇ ਤਾਰ ਸਪਤਕ ਦੇ ਸ ਤੱਕ ਬੋਲਿਆ ਜਾਂਦਾ ਹੈ ਅਤੇ ਵਾਪਿਸ ਤਾਰ ਸਪਤਕ ਦੇ ਸ ਤੋਂ ਮੱਧ ਸ ਤਕ ਆਉਣਾ ਹੁੰਦਾ ਹੈ।
3. ਅਲੰਕਾਰ ਵਿੱਚ ਸ਼ੁਧ ਜਾਂ ਕੋਮਲ ਕੋਈ ਵੀ ਸਵਰ ਪ੍ਰਯੋਗ ਕੀਤਾ ਜਾਂਦਾ ਹੈ।

ਅਲੰਕਾਰ ਦੇ ਲਾਭ :—

1. ਇਸ ਨਾਲ ਸਵਰ ਗਿਆਨ ਅਤੇ ਲੈਅ ਗਿਆਨ ਹੁੰਦਾ ਹੈ।
2. ਗਾਇਨ ਵਿੱਚ ਗਲੇ ਦੀ ਤਿਆਰੀ ਲਈ ਲਾਭਦਾਇਕ ਸਿੱਧ ਹੁੰਦੇ ਹਨ।
3. ਇਸ ਨਾਲ ਕਲਪਨਾ ਸ਼ਕਤੀ ਵਧਦੀ ਹੈ।
4. ਭਿੰਨ - ਭਿੰਨ ਲੈਅਕਾਰੀਆ ਦਾ ਅਭਿਆਸ ਸਰਲ ਹੋ ਜਾਂਦਾ ਹੈ।
5. ਇਸ ਦੀ ਸਹਾਇਤਾ ਨਾਲ ਰਾਗ ਨੂੰ ਸਜਾਉਣ ਵਿੱਚ ਸਹਾਇਤਾ ਮਿਲਦੀ ਹੈ।

6. ਸੁੰਦਰ ਤਾਨਾਂ / ਤੋੜਿਆ ਨਾਲ ਰਾਗ ਵਿੱਚ ਅਦਭੁੱਤ ਪ੍ਰਭਾਵ ਉਤਪੰਨ ਹੁੰਦਾ ਹੈ।

7. ਅਲੰਕਾਰ ਦੇ ਅਭਿਆਸ ਨਾਲ ਹਰਮੋਨਿਅਮ ਤੇ ਉਗਲਾਂ ਦੀ ਤਿਆਰੀ ਚੰਗੀ ਤਰਾਂ ਹੋ ਜਾਂਦੀ ਹੈ।

## iv ਆਰੋਹ

ਆਰੋਹ ਦਾ ਅਰਥ ਹੈ ਚੜ੍ਹਦਾ ਕ੍ਰਮ ਭਾਵ ਸਵਰਾਂ ਦੇ ਚੜ੍ਹਦੇ ਹੋਏ ਕ੍ਰਮ ਨੂੰ ਆਰੋਹ ਕਿਹਾ ਜਾਂਦਾ ਹ।ਜਿਵੇਂ :-

ਸ ਰੇ ਗ ਮ ਪ ਧ ਨੀ ਸਂ

ਗਾਇਕ ਗਾਉਂਦੇ ਵਜਾਉਂਦੇ ਹੋਏ ਵਿਸ਼ੇਸ਼ ਸਵਰ ਤੇ ਨਹੀਂ ਖੜ੍ਹਦੇ ਉਹ ਉਪਰ ਨੀਚੇ ਹੁੰਦੇ ਰਹਿੰਦੇ ਹਨ।ਅਰੋਹ ਹਮੇਸ਼ਾ ਮੱਧ ਸਪਤਕ ਦੇ ਸ ਤੋਂ ਤਾਰ ਸਪਤਕ ਦੇ ਸ ਤਕ ਹੁੰਦਾ ਹੈ।ਅਰੋਹ ਦੀ ਪਰਿਭਾਸ਼ਾ ਇਸ ਪ੍ਰਕਾਰ ਹੈ :—

''ਗਾਇਨ ਜਾਂ ਵਾਦਨ ਕਰਦੇ ਸਮੇਂ ਅਵਾਜ਼ ਲਗਾਤਾਰ ਉੱਚੀ ਹੁੰਦੀ ਜਾਵੇ ਤਾਂ ਉਸ ਨੂੰ ਆਰੋਹ ਕਿਹਾ ਜਾਂਦਾ ਹੈ।''

## v ਅਵਰੋਹ

ਸਵਰਾਂ ਦੇ ਉਤਰਦੇ ਹੋਏ ਕ੍ਰਮ ਨੂੰ ਅਵਰੋਹ ਕਿਹਾ ਜਾਂਦਾ ਹੈ ਜਿਵੇਂ :— ਸਂ ਨੀ ਧ ਪ ਮ ਗ ਰੇ ਸ।

ਅਵਰੋਹ ਤੋਂ ਰਾਗ ਵਿੱਚ ਲਗਣ ਵਾਲੇ ਸਵਰਾਂ ਦੀ ਜਾਣਕਾਰੀ ਮਿਲਦੀ ਹੈ।ਇਸ ਨਾਲ ਹੀ ਅਰੋਹ ਅਵਰੋਹ ਨਾਲ ਰਾਗ ਦੀ ਜਾਤੀ ਨਿਸ਼ਚਿਤ ਹੁੰਦੀ ਹੈ।ਰਾਗ ਦੇ ਚਲਨ ਦੇ ਨਾਲ ਦੀ ਅਰੋਹ - ਆਵਰੋਹ ਨਿਸ਼ਚਿਤ ਹੁੰਦੇ ਹਨ।

ਅਵਰੋਹ ਦੀ ਪਰਿਭਾਸ਼ਾ ਇਸ ਪ੍ਰਕਾਰ ਹੈ :—

''ਜਦੋਂ ਕਲਾਕਾਰ ਆਰੋਹ ਦੀ ਉਲਟੀ ਦਿਸ਼ਾ ਵਿੱਚ ਗਾਇਨ ਵਾਦਨ ਕਰਦਾ ਹੈ ਤਾਂ ਸੰਗੀਤ ਦੀ ਭਾਸ਼ਾ ਵਿੱਚ ਇਸ ਨੂੰ ਅਵਰੋਹ ਕਿਹਾ ਜਾਂਦਾ ਹੈ।''

ਇਕ ਹੋਰ ਪਰਿਭਾਸ਼ਾ ਅਨੁਸਾਰ, ''ਉੱਚੀ ਆਵਾਜ਼ ਤੋਂ ਨੀਵੀਂ ਆਵਾਜ ਵਲ ਗਾਇਨ ਵਾਦਨ ਕਿਰਿਆ ਕਰਨ ਨੂੰ ਅਵਰੋਹ ਕਿਹਾ ਜਾਂਦਾ ਹੈ। ਇਹ ਜ਼ਰੂਰੀ ਨਹੀਂ ਕਿ ਇਸ ਵਿੱਚ ਸਤ ਸਵਰ ਹੀ ਲਗਣ। ਰਾਗ ਦੇ ਸਵਰਾਂ ਅਨੁਸਾਰ ਆਰੋਹ - ਅਵਰੋਹ ਹੁੰਦੇ ਹਨ ਜਿਵੇਂ ਰਾਗ ਭੁਪਾਲੀ ਵਿੱਚ 5 ਸਵਰ ਲਗਦੇ ਹਨ। ਇਸ ਦੇ ਅਵਰੋਹ ਇਸ ਪ੍ਰਕਾਰ ਹਨ ।

ਸ ਰੇ ਗ ਪ ਧ ਸਂ

## vi ਪਕੜ

ਰਾਗ ਵਿੱਚ ਲਗਣ ਵਾਲਾ ਉਹ ਛੋਟਾ ਜਿਹਾ ਵਿਸ਼ੇਸ਼ ਸਮੂਹ ਜਿਸ ਨਾਲ ਰਾਗ ਦੀ ਪਹਿਚਾਣ ਇਕ ਦਮ 'ਚ ਹੋ ਜਾਵੇ ਪਕੜ ਅਖਵਾਉਂਦੀ ਹੈ। ਰਾਗ ਦੇ ਅਰੋਹ - ਅਵਰੋਹ ਤੋਂ ਬਾਅਦ ਪਕੜ ਗਾਈ ਜਾਂਦੀ ਹੈ। ਪਕੜ ਤੋਂ ਵਾਦੀ - ਸੰਵਾਦੀ ਸਵਰ ਦੀ ਪਹਿਚਾਨ ਹੋ ਜਾਂਦੀ ਹੈ। ਰਾਗ ਦੀ ਚਾਲ ਕਿਹੋ ਜਿਹੀ ਹੈ, ਕਿੰਨਾ ਸਵਰਾਂ ਤੇ ਠਹਿਰਾਵ ਕੀਤਾ ਜਾਂਦਾ ਹੈ ਇਹ ਪਕੜ ਤੋਂ ਪਤਾ ਚਲਦਾ ਹੈ।

ਰਾਗ ਦੀ ਪਕੜ ਵਖਰੀ - 2 ਹੁੰਦੀ ਹੈ।ਰਾਗ ਨੂੰ ਗਾਂਦੇ ਵਜਾਂਦੇ ਹੋਏ ਪਕੜ ਦੇ ਵਿਸ਼ੇਸ਼ ਸਵਰ ਸਮੂਹ ਨੂੰ ਬਾਰ - ਬਾਰ ਪ੍ਰਯੋਗ ਵਿੱਚ ਲਿਆਇਆ ਜਾਂਦਾ ਹੈ ਜਿਸ ਨਾਲ ਰਾਗ ਦਾ ਸਵਰੂਪ ਸਪਸ਼ਟ ਹੋ ਜਾਂਦਾ ਹੈ।

ਰਾਗ ਕਲਿਗੜਾ ਦੀ ਪਕੜ :—

ਧੁ ਪ, ਗ ਮ ਗ, ਰੇੁऽ ਸ।

ਰਾਗ ਭੈਰਵਦੀ ਪਕੜ :—

ਗੁ ਮ ਧੁ ਧ ਗ ਮ ਰੇऽ ਰੇऽ ਸ।

ਰਾਗ ਦੀ ਪਕੜ ਨਾਲ ਰਾਗ ਦਾ ਸਰੂਪ ਦਿਮਾਗ ਵਿੱਚ ਬੈਠ ਜਾਂਦਾ ਹੈ। ਰਾਗ ਦੇ ਸਰੂਪ ਦੀ ਸ਼ੁਧਤਾ ਨੂੰ ਸਥਿਰ ਰਖਣ ਲਈ ਪਕੜ ਨੂੰ ਯਾਦ ਰਖਣਾ ਜ਼ਰੂਰੀ ਹੈ। ਜੇ ਕਦੇ ਅਲਾਪ ਲੈਂਦੇ ਹੋਏ ਰਾਗ ਤੋਂ ਪਰੇ ਜਾਣ ਲਗੇ ਤਾਂ ਪਕੜ ਲੈ ਕੇ ਇਕ ਦਮ ਰਾਗ ਦਾ ਸ਼ੁਧ ਰੂਪ ਸਥਿਰ ਹੋ ਜਾਂਦਾ ਹੈ।

## vii ਸਰਗਮ ਗੀਤ

ਕੇਵਲ ਸੁਰਾਂ ਵਿੱਚ ਰਚੀ ਗਈ ਰਚਨਾ ਨੂੰ ਸਰਗਮ ਗੀਤ ਕਿਹਾ ਜਾਂਦਾ ਹੈ। ਅਜਿਹੀ ਸੰਗੀਤਿਕ ਤਾਲਬੱਧ ਰਚਨਾ ਜਿਸ ਵਿੱਚ ਕੇਵਲ ਰਾਗ ਦਾ ਸਵਰਾਂ ਦਾ ਹੀ ਪ੍ਰਯੋਗ ਕੀਤਾ ਗਿਆ ਹੋਵੇ ਉਸ ਨੂੰ ਸਰਗਮ ਗੀਤ ਕਹਿੰਦੇ ਹਨ।

ਇਹ ਇਕ ਸ਼ਾਸਤਰੀ ਗਾਇਨ ਸ਼ੈਲੀ ਹੈ। ਇਸ ਵਿੱਚ ਸ਼ਬਦਾਂ ਦਾ ਪ੍ਰਯੋਗ ਬਿਲਕੁਲ ਨਹੀਂ ਕੀਤਾ ਜਾਂਦਾ। ਸ਼ੁਰੂ ਵਿੱਚ ਸੰਗੀਤ ਦੀ ਸਿਖਿਆ ਲੈਣ ਵਾਲੇ ਵਿਦਿਆਰਥੀਆਂ ਨੂੰ ਇਸ ਦੀ ਸਿਖਲਾਈ ਦਿੱਤੀ ਜਾਂਦੀ ਹੈ। ਇਹਨਾਂ ਨਾਲ ਰਾਗ ਦਾ ਸਰੂਪ ਸਮਝ ਆ ਜਾਂਦਾ ਹੈ। ਸੁਰਾਂ ਦਾ ਲਗਾਣ, ਠਹਿਰਾਣ ਸਹੀ ਸੁਰ ਸਥਾਨ ਦਾ ਵੀ ਪਤਾ ਚਲਦਾ ਹੈ। ਇਹ ਇਕ ਸਰਲ ਅਤੇ ਸਿਧੀ ਰਾਗ ਰਚਨਾ ਹੁੰਦੀ ਹੈ। ਜਿਸਨੂੰ ਵਿਦਿਆਰਥੀ ਜਲਦੀ ਸਮਝ ਲੈਂਦਾ ਹੈ। ਸਰਗਮ ਗੀਤ ਦੇ ਦੋ ਪ੍ਰਕਾਰ ਹੁੰਦੇ ਹਨ :-

1. ਸਥਾਈ
2. ਅੰਤਰਾਂ

ਸਰਗਮ ਗੀਤ ਸ਼ਾਸਤਰੀ ਸੰਗੀਤ ਵਿੱਚ ਗਾਇਆ ਜਾਂਦਾ ਹੈ ਇਸ ਵਿੱਚ ਤਿੰਨ ਤਾਲ, ਝਪਤਾਲ ਅਤੇ ਇਕਤਾਲ ਵਜਾਏ ਜਾਂਦੇ ਹਨ। ਇਸ ਦੀ ਗਾਇਨ ਸ਼ੈਲੀ ਛੋਟੇ ਖਿਆਲ ਵਾਂਗ ਹੁੰਦੀ ਹੈ। ਪਹਿਲਾ ਸਥਾਈ ਫਿਰ ਅੰਤਰਾ ਲੈਂਦੇ ਹੋਏ ਛੋਟੀਆਂ - ਛੋਟੀਆਂ ਤਾਨਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।

## viii ਜਾਤੀ

ਰਾਗ ਦੀ ਜਾਤੀ ਤੋਂ ਭਾਂਵ ਹੈ ਰਾਗ ਵਿੱਚ ਲੱਗਣ ਵਾਲੇ ਸਵਰਾਂ ਦੀ ਗਿਣਤੀ। ਰਾਗ ਦਾ ਇਕ ਨਿਯਮ ਹੈ ਇਸ ਵਿੱਚ ਘੱਟ ਤੋਂ ਘੱਟ ਪੰਜ ਸਵਰ ਅਤੇ ਵੱਧ ਤੋਂ ਵੱਧ ਸੱਤ ਸਵਰ ਹੋਣੇ ਜ਼ਰੂਰੀ ਹਨ। ਇਸ ਲਈ ਰਾਗ ਦੇ ਅਰੋਹ-ਅਵਰੋਹ ਵਿੱਚ ਜੋ ਸਵਰ ਲਗਦੇ ਹਨ ਉਹਨਾਂ ਦੇ ਅਧਾਰ ਤੇ ਰਾਗ ਦੀਆਂ ਜਾਤੀਆਂ ਨਿਸ਼ਚਿਤ ਕੀਤੀਆਂ ਜਾਂਦੀਆਂ ਹਨ। ਇਹਨਾਂ ਜਾਤੀਆਂ ਰਾਹੀ ਹੀ ਰਾਗ ਇੱਕ ਦੂਜੇ ਤੋਂ ਅਲੱਗ ਪਹਿਚਾਣਿਆ ਜਾਂਦਾ ਹੈ।

ਰਾਗ ਵਿੱਚ ਲੱਗਣ ਵਾਲੇ ਸਵਰਾਂ ਦੇ ਆਧਾਰ ਤੇ ਰਾਗ ਦੀਆਂ ਤਿੰਨ ਮੁੱਖ ਜਾਤੀਆਂ ਹਨ।

1. ਸੰਪੂਰਣ :- ਸੱਤ ਸਵਰਾਂ ਦੇ ਰਾਗ ਨੂੰ ਸੰਪੂਰਣ ਜਾਤੀ ਦੇ ਰਾਗ ਕਹਿੰਦੇ ਹਨ ਜਿਵੇ: ਭੈਰਵ, ਭੈਰਵੀ, ਯਮਨ, ਬਿਲਾਵਲ

2. ਸਾੜਣ :- ਛੇ ਸਵਰਾਂ ਵਾਲੇ ਰਾਗ ਨੂੰ ਸਾੜਵ ਜਾਤੀ ਦੇ ਰਾਗ ਕਹਿੰਦੇ ਹਨ ਜਿਵੇਂ ਮਾਰਵਾ, ਪੁਰੀਆ, ਸੋਹਨੀ ਆਦਿ।

3. ਔੜਵ :- ਪੰਜ ਸਵਰਾਂ ਵਾਲੇ ਭਾਗ ਨੂੰ ਔੜਵ ਜਾਤੀ ਦੇ ਰਾਗ ਕਹਿੰਦੇ ਹਨ ਜਿਵੇ : ਭੁਪਾਲੀ, ਮਾਨਕੌਂਸ

## ix ਅਲਾਪ

ਗਾਇਕ ਕੋਈ ਵੀ ਗੀਤ ਗਾਉਣ ਤੇ ਪਹਿਲਾਂ ਉਸ ਗੀਤ ਵਿੱਚ ਲਗਣ ਵਾਲੇ ਸਵਰਾਂ ਦਾ ਥੋੜਾ ਜਿਹਾ ਰੂਪ ਦਿਖਾਉਂਦੇ ਹਨ ਤਾਂ ਉਸ ਨੂੰ ਅਲਾਪ ਕਿਹਾ ਜਾਂਦਾ ਹੈ। ਇਹ ਸਰੂਪ ਸਰਗਮ ਵਿੱਚ ਵੀ ਹੋ ਸਕਦਾ ਹੈ ਤੇ ਅਕਾਰ ਵਿੱਚ ਵੀ।

ਰਾਗ ਦਾ ਸਾਰਾ ਢਾਂਚਾ ਰਾਗ ਦੇ ਅਲਾਪ ਵਿੱਚ ਹੀ ਨਜ਼ਰ ਆ ਜਾਂਦਾ ਹੈ। ਮੰਦ੍ਰ ਸਪਤਕ ਤੋਂ ਮੱਧ ਤੋਂ ਮੱਧ ਤੋਂ ਤਾਰ ਸਪਤਕ ਵਿੱਚ ਹੋਲੀ - 2 ਬੜਤ ਕਰਦੇ ਹੋਏ ਸਵਰ ਵਿਸਥਾਰ ਕੀਤਾ ਜਾਂਦਾ ਹੈ ਤਾਂ ਉਹ ਅਲਾਪ ਕਹਾਉਂਦਾ ਹੈ। ਗੰਭੀਰ ਪ੍ਰਕੀਤੀ ਦਾ ਹੋਣ ਕਾਰਣ ਇਸ ਦੀ ਗਤੀ ਵਿਲੰਯਿਤ ਹੁੰਦੀ ਹੈ।

ਪੰ. ਭਾਤਖੰਤੇ ਜੀ ਅਨੁਸਾਰ ,'' ਸਾਡੇ ਗਾਇਕ ਵਾਦਨ ਕੋਈ ਵੀ ਗੀਤ / ਗਤ ਗਾਉਣ ਵਜਾਉਣ ਤੋਂ ਪਹਿਲਾਂ ਉਸ ਰਾਗ ਵਾਲੇ ਰਾਗ ਸਰੂਪ ਦਾ ਥੋੜਾ ਜਿਹਾ ਦਿਗਦਰਸ਼ਨ ਕਰਾਉਂਦੇ ਹਨ ਤਾਂ ਉਹ ਅਲਾਪ ਅਖਵਾਉਂਦਾ ਹੈ।

ਸ਼੍ਰੀ ਮਤੀ ਮਹਾਰਾਣੀ ਸ਼ਰਮਾ ਦੇ ਅਨੁਸਾਰ ,'' ਅਲਾਪ ਗਾਇਨ ਵਾਦਨ ਦੀ ਕਿਰਿਆ ਅਸਲ ਵਿੱਚ ਰਾਗ ਪ੍ਰਗਟ ਹੋਣ ਤੋਂ ਪਹਿਲਾਂ ਦੀ ਤਿਆਰੀ ਹੈ, ਜਿਸ ਨਾਲ ਰਾਗ ਦਾ ਪੂਰਵ ਅਭਿਆਸ ਉਸ ਸੁਰ ਵਿਸਤਾਰ ਜਾਂ ਅਲਾਪ ਤੋਂ ਨਜ਼ਰੀ ਪੈਂਦਾ ਹੈ।

ਅਲਾਪ ਰਾਗ ਦੇ ਵਿਸਤਾਰ ਕਰਨ ਦਾ ਇਕ ਸਾਧਨ ਹੈ। ਰਾਗ ਦੀ ਬੰਦਿਸ਼ ਤੋਂ ਪਹਿਲਾਂ ਰਾਗ ਵਿੱਚ ਲਗਣ ਵੇ ਸਵਰਾਂ ਨਾਲ ਰਾਗ ਦਾ ਸਰੂਪ ਸਪਸ਼ਟ ਕਰਨਾ ਅਲਾਪ ਕਹਾਉਂਦਾ ਹੈ। ਅਲਾਪਗਤ ਨੂੰ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ :—

1. ਆਕਾਰ ਰਾਹੀਂ
2. ਨੋਮਤੋਮ ਰਾਹੀਂ

## x ਤਾਨ

ਤਾਨ ਸ਼ਬਦ ਤਨੁ ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਤਾਨਨਾ, ਫੈਲਾਨਾ ਜਾਂ ਵਿਸਥਾਰ ਕਰਨਾ। ਜਦ ਗਾਇਕ ਰਾਗ ਰੂਪੀ ਸਰੀਰ ਨੂੰ ਫੈਲਾਉਂਦਾ ਹੈ ਅਤੇ ਉਸ ਨੂੰ ਸਜਾਉਂਦਾ ਹੈ ਤਾਂ ਉਸ ਕ੍ਰਿਆ ਨੂੰ ਤਾਨ ਕਹਿੰਦੇ ਹਨ। ਤਾਨਾਂ ਨਾਲ ਹੀ ਰਾਗ ਦੀ ਸੁੰਦਰਤਾ ਵਿੱਚ ਵਾਧਾ ਹੁੰਦਾ ਹੈ ਅਤੇ ਸੁਣਨ ਵਾਲਿਆ ਨੂੰ ਰਸ ਦੀ ਅਨਭੂਤੀ ਹੁੰਦੀ ਹੈ।

'ਨਗਮਾਤੁਲ ਹਿੰਦ' ਜੀ ਦੇ ਅਨੁਸਾਰ ਸਵਰਾਂ ਦੇ ਸਮੂਹ ਨੂੰ ਤਾਲ ਕਿਹਾ ਜਾਂਦਾ ਹੈ। ਜਿਸ ਨਾਲ ਰਾਗ ਵਿੱਚ ਬੜ੍ਹਤ ਕਰਨਾ ਹੁੰਦਾ ਹੈ ਤਾਨਾਂ ਦਾ ਮੁੱਖ ਉਦੇਸ਼ ਗਾਇਨ ਦੀ ਵਿਚਿਤੱਰਤਾ ਨੂੰ ਵੱਧ ਤੋਂ ਵੱਧ ਵਧਾਣਾ ਹੁੰਦਾ ਹੈ।

ਪੰ. ਭਾਤਖੰਡੇ ਜੀ ਅਨੁਸਾਰ, " ਜੇਕਰ ਠੀਕ ਰੀਤੀ ਨਾਲ ਤਾਨਾਂ ਲਈਆਂ ਜਾਣ ਤਾਂ ਬੜਾ ਹੀ ਆਨੰਦ ਆਉਂਦਾ ਹੈ। ਇਸ ਲਈ ਤਾਨਾਂ ਦੇ ਸਵਰ ਰਾਗ ਨਿਯਮਾਂ ਦੇ ਅਨੁਸਾਰ ਰਾਗ ਦੇ ਭਾਵ ਮੁਤਾਬਿਕ ਹੋਣਾ। ਪੰ: ਉਂਕਾਰ ਨਾਥ ਠਾਕੁਰ ਜੀ ਕਹਿੰਦੇ ਹਨ," ਜਦ ਕੋਈ ਅਲੰਕਾਰ ਕਿਸੇ ਰਾਗ ਨੇ ਨਿਯਮਾਂ ਵਿੱਚ ਬੰਨ੍ਹ ਕੇ ਪ੍ਰਯੋਗ ਕੀਤਾ ਜਾਂਦਾ ਹੈ ਤਾਂ ਉਹ ਤਾਨ ਕਹਾਉਂਦਾ ਹੈ।"

ਬੜੇ ਗੁਲਾਮ ਅਲੀ ਖਾਂ ਕਹਿੰਦੇ ਹਨ, " ਜਦ ਮੈਂ ਰਾਗ ਦੇ ਦਰਿਆ ਵਿੱਚ ਡੁੱਬ ਜਾਂਦਾ ਹਾਂ, ਰਾਗਿਨੀ ਦੇ ਇਸ਼ਕ ਵਿੱਚ ਪਾਗਲ ਹੋ ਜਾਂਦਾ ਹੈ ਤਾਂ ਜੋ ਚੀਜ਼ ਮੇਰੇ ਮੁੱਖ ਵਿਚੋਂ ਨਿਕਲ ਜਾਂਦੀ ਹੈ ਮੈ ਤਾਂ ਉਸ ਨੂੰ ਤਾਨ ਕਹਿੰਦਾ ਹਾਂ।

ਉਪਰੋਕਤ ਪਰਿਭਾਸ਼ਾ ਅਨੁਸਾਰ ਰਾਗ ਨੂੰ ਸਜਾਣਾ, ਤਾਨਨਾ, ਵਿਸਥਾਰ ਕਰਨਾ, ਅਲੱਗ - 2 ਢੰਗ ਨਾਲ ਸਵਰਾਂ ਦਾ ਪ੍ਰਯੋਗ ਕਰਨਾ ਤਾਨ ਅਖਵਾਉਂਦਾ ਹੈ। ਇਹ ਪ੍ਰਯੋਗ ਰਾਗ ਦੀ ਪ੍ਰਕ੍ਰਿਤੀ, ਨਿਯਮਾਂ ਅਨੁਸਾਰ ਹੋਣਾ ਜ਼ਰੂਰੀ ਹੈ। ਰਾਗ ਦੇ ਇਹ ਸਵਰ ਸਮੂਹ ਰਾਗ ਵਿੱਚ ਵਿਚਿਰਤਤਾਂ, ਚਮਤਕਾਰ ਪੈਦਾ ਕਰਨ ਵਿੱਚ ਯੋਗਦਾਨ ਪਾਉਂਦੇ ਹਨ।

ਤਾਨਾਂ ਦੀ ਵਰਤੋਂ ਟੱਪਾ, ਖਿਆਲ ਅਤੇ ਠੁਮਰੀ ਵਿੱਚ ਕੀਤੀ ਜਾਂਦੀ ਹੈ। ਤਾਨਾਂ ਦਾ ਮੁੱਖ ਉਦੇਸ਼ ਸੁੰਦਰਤਾ ਵਿੱਚ ਵਾਧਾ ਕਰਨਾ ਹੈ। ਤਾਨ ਬਣਾਉਂਦੇ ਵੇਲੇ ਅਰੋਹ - ਅਵਰੋਹ, ਵਾਦੀ - ਸੰਵਾਦੀ, ਵਿਵਾਦੀ ਅਤੇ ਵਰਜਿਤ ਸਵਰਾਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ।

ਤਾਨਾਂ ਦੀ ਰਚਨਾ ਵੱਖ - ਵੱਖ ਲੈਅ ਵਿੱਚ ਹੁੰਦੀ ਹੈ। ਇਕ ਗੁਣ, ਦੁਗਣ ਅਤੇ ਚੋਗੁਣ। ਤਾਨਾਂ ਕਈ ਪ੍ਰਕਾਰ ਦੀਆਂ ਹੁੰਦੀਆਂ ਹਨ ਜਿਵੇਂ :- ਸਰਲ ਤਾਨ, ਫਿਰਤ ਤਾਨ ਰਾਗਾਂਗ ਤਾਨ, ਮਿਸ਼ਰ ਤਾਨ, ਬੋਲ ਤਾਨ, ਅਲੰਕਾਰਰਿਕ ਤਾਨ, ਗਮਕ ਤਾਨ, ਕੂਟ ਤਾਨ, ਜਬੜੇ ਤਾਨ, ਛੂਟ ਤਾਨ, ਦਾਨੇਦਾਰ ਤਾਨ, ਝਟਕੇ ਦੀ ਤਾਨ।

ਆਰੰਭਿਕ ਵਿੱਚ ਕੇਵਲ ਛੋਟੀਆਂ - 2 ਤਾਨਾਂ ਦਾ ਹੀ ਅਭਿਆਸ ਕਰਨਾ ਚਾਹੀਦਾ ਹੈ। ਤਾਂ ਜੋ ਸਵਰਾਂ ਅਤੇ ਕ੍ਰਿਆਵਾਂ ਦਾ ਉਚਿਤ ਪ੍ਰਯੋਗ ਹੋ ਸਕੇ। ਪਹਿਲਾਂ ਉਸ ਰਾਗ ਦੀਆਂ ਤਾਨਾਂ ਕਰਨੀਆਂ ਚਾਹੀਦੀਆਂ ਹਨ ਜਿਸ ਵਿੱਚ ਸ਼ੁੱਧ ਸਵਰ ਲੱਗਣ ਬਾਅਦ ਵਿੱਚ ਕੋਮਲ ਜਾਂ ਤਵਿਰਾ ਸਵਰ ਲਗੇਂ ਰਾਗਾਂ ਨੂੰ ਲੈਣਾ ਚਾਹੀਦਾ ਹੈ।

ਤਾਨ ਰਾਗ ਦੀ ਸੁੰਦਰਤਾ ਨੂੰ ਵਧਾਉਂਦੇ ਹਨ ਅਤੇ ਅਨੰਦ ਦਾ ਵਾਧਾ ਕਰਦੇ ਹਨ। ਇਸ ਲਈ ਠੀਕ ਰੀਤੀ ਨਾਲ ਤਾਨਾ ਗਾਇਆ ਜਾਣੀਆਂ ਚਾਹੀਦੀਆਂ ਹਨ।

## ਪਾਠ - ਅਭਿਆਸ

### ਵਸਤੂਨਿਸ਼ਠ ਪ੍ਰਸ਼ਨ

1. ਸੰਗੀਤ ਦੇ ਅੰਗਾਂ ਦੇ ਨਾਂ ਦੱਸੋ ?
2. ਧੁਨੀ ਦੀ ਪਰਿਭਾਸ਼ਾ ਲਿਖੋ ?
3. ਅਲੰਕਾਰ ਦੇ ਕੋਈ ਦੋ ਲਾਭ ਲਿਖੋ।
4. ਸਵਰਾਂ ਦੇ ਹੇਠਲੇ ਕ੍ਰਮ ਤੋਂ ਉਪਰਲੇ ਕ੍ਰਮ ਵਿੱਚ ਜਾਣ ਨੂੰ ਕੀ ਕਹਿੰਦੇ ਹਨ ?
5. ਸਵਰਾਂ ਦੇ ਉਤਰਦੇ ਕ੍ਰਮ ਨੂੰ ਕੀ ਕਹਿੰਦੇ ਹਨ ?
6. ਸਵਰਾਂ ਦਾ ਉਹ ਸਮੂਹ ਜਿਸ ਤੋਂ ਰਾਗ ਦੀ ਪਹਿਚਾਣ ਹੁੰਦੀ ਹੈ ਉਸ ਨੂੰ ਕੀ ਕਹਿੰਦੇ ਹਨ?
7. ਸਵਰਾਂ ਵਿਚ ਰਚੀ ਗਈ ਰਚਨਾ ਨੂੰ ਕੀ ਕਹਿੰਦੇ ਹਨ?
8. ਰਾਗ ਦੀ ਜਾਤੀ ਤੋਂ ਕੀ ਭਾਵ ਹੈ ?
9. ਰਾਗ ਦਾ ਆਰੰਭ ਕਿਸ ਤੋਂ ਹੁੰਦਾ ਹੈ ?
10. ਅਲਾਪ ਹਮੇਸ਼ਾ ਕਿਹੜੀ ਲੈਅ ਵਿੱਚ ਹੁੰਦਾ ਹੈ ?
11. ਤਾਨ ਸ਼ਬਦ ਕਿਸ ਤੋਂ ਬਣਿਆ ਹੈ ?

**ਅਧਿਆਪਕ ਲਈ**

ਅਧਿਆਪਕ ਵਿਦਿਆਰਥੀਆਂ ਨੂੰ ਅਲੰਕਾਰ ਗਾਉਣੇ ਸਿਖਾਣਗੇ ਅਤੇ ਅਲਾਪ ਤੇ ਤਾਨ ਨੂੰ ਗਾ ਕੇ ਵਿਦਿਆਰਥੀਆਂ ਨੂੰ ਸਿਖਾਣਗੇ।

## ਪਾਠ - 2

## ਵਾਦੀ ਸਵਰ, ਸੰਵਾਦੀ ਸਵਰ, ਅਨੁਵਾਦੀ ਸਵਰ, ਵਿਵਾਦੀ ਸਵਰ, ਵਰਜਿਤ ਸਵਰ

ਜਿਸ ਪ੍ਰਕਾਰ ਰਾਜ ਵਿੱਚ ਰਾਜਾ, ਮੰਤਰੀ, ਪ੍ਰਜਾ, ਸਤਰੂ ਅਤੇ ਸਕੂਲ ਵਿੱਚ ਪ੍ਰਿੰਸੀਪਲ, ਵਾਇਸ ਪ੍ਰਿੰਸੀਪਲ, ਅਧਿਆਪਕ ਅਤੇ ਮੁੱਖ ਮਹਿਮਾਨ ਦੀ ਭੂਮਿਕਾ ਹੁੰਦੀ ਹੈ ਉਸੀ ਪ੍ਰਕਾਰ ਰਾਗ ਵਿੱਚ ਵਾਦੀ ਸਵਰ, ਸੰਵਾਦੀ ਸਵਰ, ਅਨੁਵਾਦੀ ਸਵਰ, ਵਿਵਾਦੀ ਸਵਰ ਆਪਣੀ ਮੁੱਖ ਭੂਮਿਕਾ ਨਿਭਾਉਂਦੇ ਹਨ।

ਰਾਗ ਵਿੱਚ ਚਾਰ ਪ੍ਰਕਾਰ ਦੇ ਸਵਰ ਹੁੰਦੇ ਹਨ। ਰਾਗ ਦਾ ਸਾਰਾ ਸਵਰੂਪ ਉਹਨਾਂ ਤੇ ਨਿਰਭਰ ਕਰਦਾ ਹੈ। ਵਾਦੀ ਸਵਰ ਰਾਜਾ ਜਾਂ ਕਹਿ ਲਈਏ ਕੀ ਮੁੱਖ ਅਧਿਆਪਕ ਦੇ ਰੋਲ ਅਦਾ ਕਰਦਾ ਹੈ ਜਿਹਨਾ ਤੇ ਸਾਰਾ ਰਾਜ ਦਾ ਅਤੇ ਸਕੂਲ ਦਾਰਮਦਾਰ ਟਿਕਿਆਂ ਹੋਇਆ ਹੁੰਦਾ ਹੈ। ਉਸੇ ਪ੍ਰਕਾਰ ਇੱਕ ਰਾਗ ਵਿਚ ਵਾਦੀ ਸਵਰ ਬਹੁਤ ਵੱਡਾ ਰੋਲ ਅਦਾ ਕਰਦਾ ਹੈ ਇਸ ਦੀ ਵਰਤੋਂ ਰਾਗ ਵਿੱਚ ਬਾਰ - ਬਾਰ ਹੁੰਦੀ ਹੈ। ਇਹ ਉਸ ਨੂੰ ਰਾਗ ਦਾ ਸਭ ਮਹੱਤਵ ਸਵਰ ਹੁੰਦਾ ਹੈ। ਵਾਦੀ ਸਵਰ ਤੋਂ ਬਾਅਦ ਜਿਹੜਾ ਜਿਆਦਾ ਵਰਤੋਂ ਵਿੱਚ ਆਉਂਦਾ ਹੈ ਸੰਵਾਦੀ ਸਵਰ ਇਸ ਨੂੰ ਅਸੀ ਮੰਤਰੀ ਜਾਂ ਵਾਇਸ ਪ੍ਰਿੰਸੀਪਲ ਨਾਲ ਵੀ ਕਹਿ ਸਕਦੇ ਹਾਂ ਕਿਉਂਕਿ ਰਾਗ ਵਿੱਚ ਇਹ ਸਵਰ ਮੰਤਰੀ ਜਾ ਵਾਇਸ ਪ੍ਰਿੰਸੀਪਲ ਵਾਗ ਜੁਮੇਵਾਰੀ ਨਿਭਾਉਂਦੇ ਹਨ। ਇਹ ਸਵਰ ਵਾਦੀ ਤੋਂ ਘਟ ਪਰ ਬਾਕੀ ਦੂਜੇ ਸਵਰਾਂ ਤੋਂ ਵੱਧ ਪ੍ਰਯੋਗ ਵਿੱਚ ਆਉਂਦਾ ਹੈ। ਰਾਗ ਵਿੱਚ ਲਗਣ ਵਾਲੇ ਤੀਜੇ ਸਵਰ ਨੂੰ ਅਨੁਵਾਦੀ ਸੁਰ ਕਿਹਾ ਜਾਂਦਾ ਹੈ। ਰਾਗ ਵਿੱਚ ਵਾਦੀ ਸੰਵਾਦੀ ਸਵਰਾਂਤੋਂ ਬਾਕੀ ਜਿਹੜੇ ਸਵਰ ਰਾਗ ਵਿੱਚ ਲਗਦੇ ਹਨ ਉਹ ਅਨੁਵਾਦੀ ਸਵਰ ਕਹਾਉਂਦੇ ਹਨ। ਇਸ ਸਵਰ ਦੀ ਤੁਲਨਾ ਅਸੀਂ ਸਕੂਲ ਵਿੱਚ ਅਧਿਆਪਕਾ ਜਾਂ ਰਾਜ ਵਿੱਚ ਪ੍ਰਜਾ ਦੀ ਤਰ੍ਹਾਂ ਸਹਾਇਤਾ ਕਰਨ ਵਾਲੇ ਕਹਿ ਸਕਦੇ ਹਨ। ਚੌਥਾਂ ਸਵਰ ਵਿਵਾਦੀ ਕਹਾਉਂਦਾ ਹੈ। ਇਸ ਸਵਰ ਨੂੰ ਦੁਸ਼ਮਣ ਜਾਂ ਸਤਰੂ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ ।ਪਰ ਜੇ ਰਾਗ ਵਿੱਚ ਇਸ ਦਾ ਪ੍ਰਯੋਗ ਘਟ ਅਤੇ ਸੁਝਬੁਝ ਨਾਲ ਹੋਵੇਗਾ ਤਾਂ ਇਹ ਦੁਸ਼ਮਣ ਨਹੀਂ ਅਧਿੱਤੂ ਸਹਾਇਕ ਦੇ ਰੂਪ ਵਿੱਚ ਬਹੁਤ ਵੱਡਾ ਯੋਗਦਾਨ ਪਾਣ ਵਿੱਚ ਸਹਾਇਕ ਹੋਵੇਗਾ।

ਅਚਾਰੀਆਂ ਬ੍ਰਹਿਸਪਤੀ ਦੇ ਅਨੁਸਾਰ,'' ਵਾਦੀ, ਸੰਵਾਦੀ, ਵਿਵਾਦੀ ਅਤੇ ਅਨੁਵਾਦੀ ਕਿਸੇ ਵੀ ਧੁਨ, ਰਾਗ ਜਾਂ ਜਾਤੀ ਵਿੱਚ ਪ੍ਰਯੁਕਤ ਵਿਭਿੰਨ ਸਵਰ ਇਹਨਾਂ ਚਾਰ ਸ਼੍ਰੇਣੀਆਂ ਵਿੱਚ ਵੰਡੇ ਜਾਣ ਤੇ ਰੰਜਕਤਾ ਪੈਦਾ ਕਰ ਸਕਦੇ ਹਨ।

### ਵਾਦੀ ਸਵਰ

ਰਾਗ ਵਿੱਚ ਲਗਣ ਵਾਲੇ ਸਵਰਾਂ ਦਾ ਪ੍ਰਯੋਗ ਵੱਖ - ਵੱਖ ਹੁੰਦਾ ਹੈ। ਯੋਜਨਾ ਅਨੁਸਾਰ ਕਿਸੇ ਸਵਰ ਦਾ ਪ੍ਰਯੋਗ ਘੱਟ ਜਾਂ ਵੱਧ ਹੋ ਸਕਦਾ ਹੈ ਜੋ ਰਾਗ ਵਿੱਚ ਸੁੰਦਰਤਾ ਵਧਾਉਣ ਲਈ ਜ਼ਰੂਰੀ ਹੁੰਦਾ ਹੈ। ਰਾਗ ਵਿੱਚ ਜਿਸ ਸਵਰ ਦਾ ਪ੍ਰਯੋਗ ਵੱਧ ਤੋਂ ਵੱਧ ਕੀਤਾ ਜਾਂਦਾ ਹੈ ਸਵਰ ਨੂੰ ਰਾਗ ਦਾ ਵਾਦੀ ਸਵਰ ਕਿਹਾ ਜਾਂਦਾ ਹੈ। ਸਾਰੇ ਰਾਗ ਪ੍ਰਦਰਸ਼ਨ ਸਮੇਂ ਇਹ ਸਵਰ ਆਪਣੀ ਹੋਂਦ ਬਣਾਈ ਰਖਦਾ ਹੈ। ਇਸ ਨੂੰ ਰਾਗ ਦਾ ਪ੍ਰਾਣ ਸਵਰ ਵੀ ਕਿਹਾ ਜਾ ਸਕਦਾ ਹੈ ਜਾਂ ਜਿਆਦਾ ਬੋਲਣ ਵਾਲੇ ਸਵਰਾਂ ਨੂੰ ਹੀ ਵਾਦੀ ਸਵਰ ਕਿਹਾ ਜਾ ਸਕਦਾ ਹੈ। ਅਨੇਕਾਂ ਸੰਗੀਤਕਾਰ ਨੇ ਇਸ ਦੀਆਂ ਕਈ

ਪਰਿਭਾਸ਼ਾਵਾਂ ਦਿੱਤੀਆ ਹਨ। ਪੰ. ਭਾਤਖੰਡੇ ਜੀ ਅਨੁਸਾਰ ਜੋ ਸਵਰ ਰਾਗ ਨੂੰ ਵਧੇਰੇ ਉਜਾਗਰ ਕਰੇ ਉਸ ਨੂੰ ਵਾਦੀ ਸਵਰ ਕਹਿੰਦੇ ਹਨ।

ਰਾਗ ਵਿੱਚ ਜਿਸ ਸਵਰ ਦਾ ਬਾਰ - ਬਾਰ ਪ੍ਰਯੋਗ ਹੋਵੇ ਜਾਂ ਉਸ ਤੇ ਠਹਿਰਾਓ ਜਿਆਦਾ ਕੀਤਾ ਜਾਂਦਾ ਹੈ ਉਸ ਨੂੰ 'ਵਾਦੀ ਸਵਰ' ਕਹਿੰਦੇ ਹਨ। ਪ੍ਰਾਚੀਨ ਰਾਗ ਸਪੱਤੀ ਅਨੁਸਾਰ ਇਸ ਸਵਰ ਨੂੰ 'ਅੰਸ਼' ਸਵਰ ਕਿਹਾ ਜਾਂਦਾ ਸੀ ਜੋ ਸਵਰ ਰਾਗ ਵਿੱਚ ਦੂਜੇ ਸਵਰਾਂ ਵੀ ਬਜਾਏ ਜਿਆਦਾ ਵਰਤਿਆ ਜਾਵੇ ਜਾਂ ਜਿਸ ਨਾਲ ਰਾਗ ਦਾ ਸਵਰੂਪ ਪੂਰੀ ਤਰਾਂ ਪ੍ਰਗਟ ਹੋਵੇ ਉਸ ਨੂੰ ਵਾਦੀ ਸਵਰ ਕਿਹਾ ਜਾਂਦਾ ਹੈ। ਇਸ ਸਵਰ ਤੇ ਰਾਗ ਦੀ ਸਾਰੀ ਸੁੰਦਰਤਾ ਅਤੇ ਸੋਭਾ ਟਿੱਕੀ ਹੁੰਦੀ ਹੈ। ਭਰਤ ਮੁਨੀ ਅਨੁਸਾਰ,'' ਰਾਗ ਵਿੱਚ ਵਾਦੀ ਸਵਰ ਦੀ ਪ੍ਰਧਾਨਤਾ ਹੋਣ ਕਾਰਣ ਜਾਂ ਜ਼ਿਆਦਾ ਠਹਿਰਾਵ ਕਰਕੇ ਰਾਗ ਉਸੀ ਸਵਰ ਤੋਂ ਸ਼ੁਰੂ ਅਤੇ ਖਤਮ ਕਰਨ ਰਾਗ ਦੇ ਮੁੱਖ ਹਿੱਸਿਆ ਵਿੱਚ ਉਸ ਨੂੰ ਬਾਰ - ਬਾਰ ਵੱਖ - ਵੱਖ ਢੰਗਾਂ ਨਾਲ ਵਿਖਾਉਣ ਵਿੱਚ ਇ ਹਸਵਰ ਮੁੱਖ ਭੂ ਮਿਕਾ ਨਿਭਾਉਂਦਾ ਹੈ।

ਜੇ ਦੋ ਰਾਗ ਆਪਸ ਵਿੱਚ ਸਮਾਨ ਹੋਣ ਪਰ ਵਾਦੀ-ਸੰਵਾਦੀ ਸਵਰ ਭਿੰਨ ਹੋਣ ਨਾਲ ਰਾਗ ਵੀ ਭਿੰਨ ਹੋ ਜਾਂਦੇ ਹਨ। ਰਾਗ ਭੁਪਾਲੀ ਅਤੇ ਦੇਸ਼ਕਾਰ, ਰਾਗ ਭੈਰਵ ਅਤੇ ਕਲਿੰਗੜਾ ਆਪਣੇ ਵਾਦੀ ਸੰਵਾਦੀ ਸਵਰ ਸਮਾਨ ਹੋਣ ਦੇ ਬਾਵਜੁਦ ਅਸਮਾਨ ਹੋ ਜਾਂਦੇ ਹਨ। ਵਾਦੀ ਸਵਰ ਨਾਲ ਰਾਗ ਦੇ ਗਾਉਣ ਵਜਾਉਣੇ ਦਾ ਸਮਾਂ ਵੀ ਨਿਰਧਾਰਿਤ ਹੋ ਜਾਂਦਾ ਹੈ। ਵਾਦੀ ਸਵਰ ਦੇ ਦੋ ਹਿੱਸੇ ਉਤਰਾਗ ਅਤੇ ਪਰਵਾਂਗ ਹੁੰਦੇ ਹਨ। ਪਰਵਾਗ ਹਿੱਸੇ ਸ ਰੇ ਗਾ ਮ ਵਿੱਚ ਆਉਂਦਾ ਹੈ ਤਾਂ ਉਸ ਰਾਗ ਦਾ ਸਮਾਂ ਦਿਨ ਤੇ 12 ਵਜੇ ਤੇ ਰਾਤ ਦੇ 12 ਵਜੇ ਤਕ ਗਾਇਆ ਵਜਾਇਆ ਜਾਵੇਗਾ। ਇਸੇ ਤਰ੍ਹਾਂ ਜੇ ਰਾਗ ਦਾ ਵਾਦੀ ਸਵਰ ਉਤਰਾਂਗ ਹਿੱਸੇ ਭਾਵ ਪ ਧ ਨੀ ਸਂ ਵਿੱਚ ਹੋਵੇ ਤਾਂ ਉਹ ਰਾਗ ਰਾਤ ਦੇ 12 ਵਜੇ ਤੋਂ ਸਵੇਰੇ 12 ਵਜੇ ਤੱਕ ਗਾਇਆ ਵਜਾਇਆ ਜਾਵੇਗਾ।

## ਸੰਵਾਦੀ ਸਵਰ

ਜਿਸ ਪ੍ਰਕਾਰ ਰਾਜੇ ਦੀ ਮਦਦ ਲਈ ਮੰਤਰੀ ਦੀ ਜਰੂਰਤ ਪੈਂਦੀ ਹੈ ਉਸੀ ਪ੍ਰਕਾਰ ਰਾਗ ਵਿੱਚ ਸੰਵਾਦੀ ਸਵਰ ਦੀ ਜ਼ਰੂਰਤ ਹੁੰਦੀ ਹੈ। ਇਸੇ ਤਰਾਂ ਸਕੂਲ ਵਿਚ ਪ੍ਰਿੰਸੀਪਲ ਤੋਂ ਬਾਅਦ ਵਾਇਸ ਪ੍ਰਿੰਸੀਪਲ ਦੀ ਅਹਿਮੀਅਤ ਹੁੰਦੀ ਹੈ। ਸੰਵਾਦੀ ਸਰਵ ਵਾਦੀ ਸਵਰ ਨੂੰ ਛੱਡ ਕੇ ਬਾਕੀ ਰਾਗ ਵਿੱਚ ਲਗਣ ਵਾਲੇ ਸਾਰੇ ਸਵਰਾਂ ਤੋਂ ਜਿਆਦਾ ਮਹੱਤਵ ਰਖਦਾ ਹੈ। ਵਾਦੀ ਸੰਵਾਦੀ ਸਰਵ ਦੋਵੇਂ ਗਾਏ ਜਾਂ ਵਜਾਏ ਜਾਣ ਤਾਂ ਰੰਜਕਤਾ ਪੈਦਾ ਹੁੰਦੀ ਹੈ।

ਵਾਦੀ ਸੰਵਾਦੀ ਸਵਰ ਵਿੱਚ ਘੱਟ ਤੋਂ ਘੱਟ ਚਾਰ ਅਤੇ ਵੱਧ ਤੋਂ ਵੱਧ ਪੰਜ ਸਵਰਾਂ ਦਾ ਫਰਕ ਹੁੰਦਾ ਹੈ। ਜੇ ਵਾਦੀ ਸਵਰ 'ਸ' ਹੈ ਤਾਂ ਸੰਵਾਦੀ 'ਪ' ਹੋਵੇਗਾ। ਇਹ ਸੰਵਾਦ ਇਸ ਤਰ੍ਹਾਂ ਹੋਣਗੇ :- ਸ - ਮ, ਸ - ਪ, ਗ - ਧ, ਰ - ਪ।

ਜੇ ਕਿਸੇ ਰਾਗ ਵਿੱਚ ਪ ਸਵਰ ਵਰਜਿਤ ਹੈ ਤਾਂ ਵਾਦੀ ਤੋਂ ਚੋਥਾ ਸਵਰ ਸੰਵਾਦੀ ਭਾਮ 'ਮ' ਹੋਵੇਗਾ ਆਚਾਰਿਆ ਬ੍ਰਹਸਪਤੀ ਜੀ ਦੇ ਅਨੁਸਾਰ :- ਕਿਸੇ ਵੀ ਇਕ ਸਵਰ ਦੇ ਵਾਦੀ ਹੋਣ ਤੇ ਸੰਵਾਦੀ ਆਪਣੇ ਆਪ ਹੀ ਮਿਲ ਜਾਏਗਾ। ਇਸ ਦੇ ਨਾਲ ਹੀ ਰਾਗ ਦੀ ਸਾਰੀ ਸੁੰਦਰਤਾ ਵੀ ਖਿਲ ਜਾਂਦੀ ਹੈ।

ਜੇ ਇਹ ਕਹਿ ਲਈਏ ਕਿ ਰਾਗ ਦੇ ਸੁਰ ਵਿਸਥਾਰ ਨੂੰ ਸਹੀ ਰਖਣ ਲਈ ਵਾਦੀ ਸੰਵਾਦੀ ਦੀ ਸਥਾਪਨਾ ਕੀਤੀ

ਜਾਂਦੀ ਹੈ ਤਾਂ ਗਲਤ ਨਹੀ ਹੋਵੇਗਾ ਸਪਤਕ ਦੇ ਪੂਰਵਾਂਗ ਭਾਗ ਵਿੱਚ ਜੇ ਵਾਦੀ ਸਵਰ ਹੈ ਤਾਂ ਉਤਰਾਂਗ ਭਾਗ ਵਿੱਚ ਉਸ ਦਾ ਸੰਵਾਦੀ ਸੁਰ ਵਿਦਮਾਨ ਹੋਵੇਗਾ ਜਿਵੇਂ ਰਾਗ ਭੈਰਵ ਦਾ ਵਾਦੀ ਸਵਰ ਧੁ ਹੈ ਜੋ ਉਤਰਾਂਗ ਵਿਚ ਹੈ ਅਤੇ ਇਸ ਦਾ ਸੰਵਾਦੀ ਰੇ ਹੈ ਜੋ ਪੁਰਵਾਂਗ ਵਿੱਚ ਹੈ। ਇਸੇ ਤਰ੍ਹਾਂ ਭੁਪਾਲੀ ਰਾਗ ਦਾ ਵਾਦੀ ਸਵਰ ਰਾ ਹੈ ਜੋ ਪੂਰਵਾਂਗ ਵਿੱਚ ਹੈ ਅਤੇ ਸੰਵਾਦੀ ਸਵਰ ਧ ਹੈ ਜੋ ਉਤਰਾਂਗ ਵਿੱਚ ਹੈ।

## ਅਨੁਵਾਦੀ ਸਵਰ

ਇਹ ਸ਼ਬਦ ਅਨੁ + ਵਾਦੀ ਦੇ ਮੇਲ ਤੋਂ ਬਣਿਆ ਹੈ। ਜੋ ਸਵਰ ਵਾਦੀ ਸਵਰ ਦਾ ਅਨੁਸਰਣ ਕਰਦਾ ਹੈ ਅਨੁਵਾਦੀ ਸਵਰ ਅਖਵਾਉਂਦਾ ਹੈ।

ਰਾਗ ਰੁਪੀ ਰਾਜ ਵਿੱਚ ਜੇ ਵਾਦੀ ਸਵਰ ਰਾਜਾ, ਸੰਵਾਦੀ ਸਵਰ ਮੰਤਰੀ ਦੀ ਭੁਮਿਕਾ ਨਿਭਾਉਂਦੇ ਹਨ ਤਾਂ ਪ੍ਰਜਾ ਅਨੁਵਾਦੀ ਸਵਰ ਨੂੰ ਕਿਹਾ ਜਾ ਸਕਦਾ ਹੈ। ਦੂਜੇ ਅਖਰਾਂ ਵਿੱਚ ਵਾਦੀ ਸਵਰ ਪ੍ਰਿੰਸੀਪਲ, ਸੰਵਾਦੀ ਸਵਰ ਵਾਇਸ ਪ੍ਰਿੰਸੀਪਲ ਅਤੇ ਅਨੁਵਾਦੀ ਸਵਰ ਸਕੂਲ ਵਿੱਚ ਦੂਜੇ ਅਧਿਆਪਕਾਂ ਦਾ ਰੋਲ ਅਦਾ ਕਰਦੇ ਹਨ। ਹਰ ਇਕ ਇਕ ਦੂਜੇ ਨਾਲ ਜੁੜੇ ਹੋਏ ਹਨ ਅਤੇ ਆਪਣਾ - ਆਪਣਾ ਕੰਮ ਬਾਖੁਬੀ ਨਾਲ ਨਿਭਾਉਂਦੇ ਹਨ।

**ਸ਼ਾਸਤਰਕਾਰਾਂ ਦੇ ਅਨੁਸਾਰ :-**

''ਵਾਦੀ ਸੰਵਾਦੀ ਸਵਰ ਨੂੰ ਛੱਡ ਕੇ ਬਾਕੀ ਬਚੇ ਸਵਰ ਨੂੰ ਅਨੁਵਾਦੀ ਸਵਰ ਕਿਹਾ ਜਾਂਦਾ ਹੈ।''

ਜਿਥੇ ਵਾਦੀ ਸੰਵਾਦੀ ਸਵਰ ਰਾਗ ਵਿੱਚ ਆਪਣੀ ਮਹੱਤਵ ਪੂਰਣ ਭੂਮਿਕਾ ਨਿਭਾਉਂਦੇ ਹਨ, ਉਥੇ ਅਨੁਵਾਦੀ ਸਵਰਾਂ ਬਿਨਾਂ ਰਾਗ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਰਾਗ ਦੀ ਰੂਪ ਰੇਖਾ, ਸਪਸ਼ਟੀਕਰਣ ਅਤੇ ਸੁੰਦਰਤਾ ਅਨੁਵਾਦੀ ਸਵਰਾਂ ਤੇ ਨਿਰਭਰ ਕਰਦਾ ਹੈ ਇਹ ਸਵਰ ਰਾਗ ਦੀ ਸ਼ੋਭਾ ਨਿਭਾਉਂਦੇ ਹਨ।

ਰਾਗ ਭੁਪਾਲੀ ਵਿੱਚ ਗ ਵਾਦੀ ਧ ਸੰਵਾਦੀ ਹਨ ਅਤੇ ਸ ਰੇ ਪ ਅਨੁਵਾਦੀ ਸਵਰ ਹਨ। ਇਹ ਸਵਰ ਰਾਗ ਦੀ ਸੁੰਦਰਤਾ ਨੂੰ ਉਜਾਗਰ ਕਰਦੇ ਹਨ ਅਤੇ ਰਾਗ ਨੂੰ ਸਹੀ ਸਰੂਪ ਦਿੰਦੇ ਹਨ।

## ਵਿਵਾਦੀ ਸਵਰ

ਉਹ ਸਵਰ ਜਿਹੜੇ ਰਾਗ ਵਿੱਚ ਨਹੀਂ ਵਰਤੇ ਜਾਂਦੇ ਉਹਨਾਂ ਨੂੰ ਵਿਵਾਦੀ ਸਵਰ ਕਿਹਾ ਜਾਂਦਾ ਹੈ। ਸਵਰਾਂ ਦਾ ਆਪਸੀ ਤਾਲਮੇਲ ਨਾਲ ਰਸ ਦੀ ਉਤਪੱਤੀ ਹੁੰਦੀ ਹੈ ਅਤੇ ਕੰਨਾਂ ਨੂੰ ਮਧੁਰ ਲਗਦੀ ਹੈ। ਵਿਵਾਦੀ ਸਵਰਾਂ ਦਾ ਵਿਸੇਸ਼ ਪ੍ਰਯੋਗ ਨਾਲ ਸੁੰਦਰਤਾ ਉਪਤਨ ਕੀਤੀ ਜਾਂਦੀ ਹੈ। ਪਰ ਇਸ ਵਿੱਚ ਵਿਸ਼ੇਸ਼ ਕੁਸ਼ਲਤਾ ਦੀ ਜ਼ਰੂਰਤ ਹੁੰਦੀ ਹੈ। ਥੋੜੀ ਜਿਹੀ ਅਸਾਵਧਾਨੀ ਰਾਗ ਦੇ ਸਵਰੂਪ ਨੂੰ ਵਿਗਾੜ ਕੇ ਰਖ ਸਕਦੀ ਹੈ। ਥੋੜੀ ਅਤੇ ਸਾਵਧਾਨੀ ਨਾਲ ਪ੍ਰਯੋਗ ਕਰਨ ਤੇ ਰਾਗ ਵਿੱਚ ਵਿਸ਼ੇਸ਼ ਆਕਰਸ਼ਕ ਪੈਦਾ ਹੁੰਦਾ ਹੈ। ਇਸ ਦਾ ਪ੍ਰਯੋਗ ਬਾਰ - ਬਾਰ ਨਾ ਕਰਕੇ ਸੁਕਸ਼ਮ ਰੂਪ ਹੀ ਰਾਗ ਦੀ ਸ਼ੋਭਾ ਨੂੰ ਚਾਰ ਚੰਦ ਲਗਾਉਣ ਵਿੱਚ ਕਾਰਗਾਰ ਸਿੱਧ ਹੁੰਦੇ ਹਨ। ਜਿਸ ਤਰ੍ਹਾਂ ਬਿਹਾਗ ਵਿੱਚ ਤੀਵਰ ਮ ਦਾ ਪ੍ਰਯੋਗ ਅਜਕਲ ਵਿਵਾਦੀ ਸਵਰ ਦੇ ਰੂਪ ਵਿੱਚ ਹੋ ਰਿਹਾ ਹੈ।

ਇਸ ਸਵਰ ਨੂੰ ਦੁਸ਼ਮਣ ਦੀ ਉਪਮਾ ਵੀ ਦਿੱਤੀ ਜਾਂਦੀ ਹੈ। ਰਾਗ ਭੈਰਵ ਵਿੱਚ ਸ਼ੁੱਧ ਰੇ, ਗ ਦੀ ਵਰਤੋਂ ਸੁੰਦਰਤਾ

ਵਧਾਉਣ ਲਈ ਕੀਤੀ ਜਾਂਦੀ ਹੈ।

ਕੁਸ਼ਲਤਾਪੂਰਵਕ ਜੇ ਰਾਗ ਦੀ ਰੰਜਕਤਾ ਵਧਦੀ ਹੋਵੇ ਤਾਂ ਇਸ ਸਵਰ ਦਾ ਪ੍ਰਯੋਗ ਉਚਿਤ ਮੰਨਿਆ ਜਾਂਦਾ ਹੈ।

### ਰਾਗ ਵਿਬੋਧ ਅਨੁਸਾਰ :-

‘‘ਵਰਜਿਤ ਸਵਰ ਉਹਨਾਂ ਗੀਤਾ ਵਿੱਚ ਸੁੰਦਰਤਾ ਨੂੰ ਖਤਮ ਨਹੀ ਕਰਦਾ ਪਰ ਥੋੜਾ ਜਿਹਾ ਜਾਂ ਕਣ ਰੂਪ ਵਿੱਚ ਉਸ ਸਵਰ ਨੂੰ ਜਲਦੀ ਹੀ ਲਿਆ ਜਾਵੇ।’’

## ਵਰਜਿਤ

ਜਿਹੜੇ ਸਵਰਾਂ ਦਾ ਪ੍ਰਯੋਗ ਰਾਗ ਵਿੱਚ ਬਿਲਕੁਲ ਹੀ ਨਹੀਂ ਹੁੰਦਾ ਉਸ ਨੂੰ ਵਰਜਿਤ ਸੁਰ ਕਿਹਾ ਜਾਂਦਾ ਹੈ। ਇਹਨਾਂ ਸਵਰਾਂ ਦੇ ਨਾਲ ਹੀ ਰਾਗ ਦੀ ਜਾਤੀ ਨਿਰਧਾਰਿਤ ਹੁੰਦੀ ਹੈ। ਰਾਗ ਵਿੱਚ ਵੱਧ ਤੋਂ ਵੱਧ 7 ਅਤੇ ਘੱਟ ਤੋਂ ਘੱਟ 5 ਸਵਰ ਹੋਣੇ ਜ਼ਰੂਰੀ ਹੈ।

ਇਸ ਤੋਂ ਸਿੱਧ ਹੁੰਦਾ ਹੈ ਕਿ ਦੋ ਸਵਰਾਂ ਤੋਂ ਜਿਆਦਾ ਸਵਰ ਰਾਗ ਵਿੱਚ ਵਰਜਿਤ ਨਹੀਂ ਹੋ ਸਕਦੇ। ਕੁਝ ਸਵਰ ਅਰੋਹ ਅਤੇ ਕੁਝ ਅਵਰੋਹ ਵਿੱਚ ਪ੍ਰਯੋਗ ਨਹੀਂ ਹੁੰਦੇ। ਜਿਸ ਨਾਲ ਰਾਗ ਦੀ ਜਾਤੀ ਬਣਦੀ ਹੈ। ਰਾਗ ਭੁਪਾਲੀ ਵਿੱਚ ਮ ਨੀ ਵਰਜਿਤ ਸੁਰ ਹੈ। ਮਾਲਕੋਸ਼ ਵਿੱਚ ਰੇ, ਪ ਵਰਜਿਤ ਸਵਰ ਹਨ।

ਰਾਗ ਵਿੱਚ ‘ਸ’ ਸਵਰ ਕਦੇ ਵਰਜਿਤ ਨਹੀਂ ਹੁੰਦੇ ਮ ਅਤੇ ਪ ਸਵਰ ਦੋਵੇਂ ਵਰਜਿਤ ਨਹੀਂ ਹੋ ਸਕਦੇ। ਇਕ ਸਵਰ ਵਰਜਿਤ ਹੋਣ ਨਾਲ ਸ਼ਾੜਵ, ਦੋ ਸਵਰ ਵਰਜਿਤ ਹੋਣ ਨਾਲ ਔੜਵ ਜਾਤੀ ਦਾ ਰਾਗ ਬਣ ਜਾਂਦਾ ਹੈ।

## ਪਾਠ - ਅਭਿਆਸ

ਵਸਤੂਨਿਸ਼ਠ ਪ੍ਰਸ਼ਨ

1. ਵਾਦੀ ਸਵਰ ਨੂੰ ਹੋਰ ਕਿਹੜੇ ਨਾਮ ਨਾਲ ਜਾਣਿਆ ਜਾਂਦਾ ਹੈ ?
2. ਰਾਗ ਵਿੱਚ ਸਭ ਤੋਂ ਵੱਧ ਪ੍ਰਯੋਗ ਹੋਣ ਵਾਲੇ ਸਵਰ ਨੂੰ ਕੀ ਕਹਿੰਦੇ ਹਨ ?
3. ਸੰਵਾਦੀ ਸਵਰ ਤੋਂ ਕੀ ਭਾਵ ਹੈ ?
4. ਵਾਦੀ ਸਵਰ ਤੋਂ ਕਿੰਨਵਾਂ ਸਵਰ ਸੰਵਾਦੀ ਹੁੰਦਾ ਹੈ ?
5. ਅਨੁਵਾਦੀ ਸਵਰ ਨੂੰ ਹੋਰ ਕਿਹੜੇ ਨਾਮ ਨਾਲ ਜਾਣਿਆ ਜਾਂਦਾ ਹੈ ?
6. ਵਿਵਾਦੀ ਸਵਰ ਤੋਂ ਕੀ ਭਾਵ ਹੈ ?
7. ਕਿਹੜੇ ਸਵਰਾਂ ਦੀ ਰਾਗ ਵਿੱਚ ਪ੍ਰਯੋ ਗ ਕਰਨ ਦੀ ਮਨਾਹੀ ਹੁੰਦੀ ਹੈ, ਉਹਨਾਂ ਸਵਰਾਂ ਨੂੰ ਕੀ ਕਹਿੰਦੇ ਹਨ ?
8. ਰਾਗ ਦਾ ਸਮਾਂ ਨਿਸ਼ਚਿਤ ਕਰਨ ਵਿੱਚ ਕਿਹੜਾ ਸਵਰ ਸਹਾਇਤਾ ਕਰਦਾ ਹੈ ?

### ਅਧਿਆਪਕ ਲਈ

ਵਿਦਿਆਰਥੀਆਂ ਨੂੰ ਆਮ ਜੀਵਨ ਵਿੱਚੋਂ ਉਦਾਹਰਨਾਂ ਦੇ ਕੇ ਸਵਰਾਂ ਦੀਆਂ ਕਿਸਮਾਂ ਤੋਂ ਜਾਣੂ ਕਰਵਾਇਆ ਜਾਵੇ।

## ਪਾਠ - 3 ਜੀਵਨੀਆਂ

## (i) ਪ੍ਰੋ: ਸੋਹਨ ਸਿੰਘ

ਮੁਢਕਾਲ ਤੋਂ ਹੀ ਸੰਗੀਤ ਜੀਵਨ ਦਾ ਸ੍ਰੋਤ ਰਿਹਾ ਹੈ। ਸੰਸਾਰ ਦੇ ਹਰ ਕੋਨੇਂ ਵਿੱਚ ਸੰਗੀਤਕਾਰ ਹੋਏ ਹਨ। ਪੰਜਾਬ ਦੀ ਧਰਤੀ ਤੇ ਸੁੰਦਰ, ਸੋਹਣੇ, ਪ੍ਰਫੁਲਤ ਵਾਤਾਵਰਣ ਨਾਲ ਭਰਪੂਰ ਰਹੀ ਹੈ। ਇਸ ਧਰਤੀ ਤੇ ਗੁਰੂਆਂ, ਪੀਰਾਂ, ਪੈਗੰਬਰਾਂ, ਰਿਸ਼ੀਆਂ ਅਤੇ ਮੁਨੀਆਂ ਨੇ ਸੰਗੀਤ ਨੂੰ ਆਪਣੀ ਰੂਹਾਨੀ ਛੂਆਂ ਦਿੱਤੀਆਂ। ਇਨ੍ਹਾਂ ਮਹਾਨ ਸੰਗੀਤਕ ਕਰਤਿਆਂ ਤੋਂ ਪ੍ਰੇਰਿਤ ਹੋ ਕੇ ਸੂਰਦਾਸ, ਮੀਰਾ ਬਾਈ, ਭਾਈ ਮਰਦਾਨਾ ਜੀ, ਵਰਗੇ ਮਹਾਨ ਸੰਗੀਤਕਾਰ ਪੈਦਾ ਹੋਏ। ਇਸ ਤਰ੍ਹਾਂ ਹੀ ਪੰਜਾਬ ਦੀ ਧਰਤੀ ਤੇ ਪ੍ਰੋ: ਸੋਹਣ ਸਿੰਘ ਇੱਕ - ਮਹਾਨ ਸੰਗੀਤਕਾਰ ਦੇ ਰੂਪ ਵਿੱਚ ਉਭਰੇ।

ਇਨ੍ਹਾਂ ਮਹਾਨ ਸੰਗੀਤਕਾਰਾਂ ਦੀ ਅਥਕ ਕੌਸ਼ਿਸ਼ ਸਦਕਾ ਅਨੰਦ ਗ੍ਰੰਥ, ਪੁਸਤਕਾਂ, ਅਨਮੋਲ ਧਰੋਹਨ ਦੇ ਰੂਪ ਵਿੱਚ ਪ੍ਰਾਪਤ ਹੋਏ ਜਿਨ੍ਹਾਂ ਸਦਕਾ ਆਉਣ ਵਾਲੀਆਂ ਪੀੜੀਆਂ ਅਤੇ ਸੰਗੀਤ ਪ੍ਰੇਮੀਂ ਨੂੰ ਇਹ ਇਕ ਮਹਾਨ ਧਰੋਹਰ ਦੇ ਰੂਪ ਵਿੱਚ ਸੇਧ ਦੇਣ ਦਾ ਕੰਮ ਕਰਦੀਆਂ ਹਨ। ਇਨ੍ਹਾਂ ਮਹਾਨ ਸੰਗੀਤਕਾਰਾਂ ਵਿਚੋਂ ਪ੍ਰੋ: ਮੋਹਨ ਸਿੰਘ ਜੀ ਦਾ ਨਾਂ ਬੜੇ ਸ਼ਰਧਾ ਦੇ ਰੂਪ ਵਿੱਚ ਲਿਆ ਜਾਂਦਾ ਹੈ।

<u>ਜਨਮ :-</u> ਪ੍ਰੋ: ਸੋਹਨ ਸਿੰਘ ਦਾ ਜਨਮ ਲੁਧਿਆਣਾ ਦੇ ਪਿੰਡ ਜ਼ਿਲ੍ਹਾ ਰਾਏਪੁਰ ਵਿਖੇ 1923 ਈ: ਵਿੱਚ ਹੋਇਆ। ਇਨ੍ਹਾਂ ਦੇ ਪਿਤਾ ਦਾ ਨਾਂ ਸਰਦਾਰ ਙੁੰਮਣ ਸਿੰਘ ਅਤੇ ਮਾਤਾ ਦਾ ਨਾਂ ਪ੍ਰਤਾਪ ਕੌਰ ਸੀ। ਆਪ ਦੇ ਮਾਤਾ - ਪਿਤਾ ਗੁਰੂ ਘਰ ਦੇ ਪ੍ਰੇਮੀ ਸਨ। ਗੁਰੂ ਕੀਰਤਨ ਅਤੇ ਗੁਰੂ ਸ਼ਬਦ ਸੁਣਨਾ ਰੋਜ਼ ਮਗ ਦੇ ਜੀਵਨ ਵਿੱਚ ਸ਼ਾਮਿਲ ਸੀ ਜਿਸ ਸਦਕਾ ਆਪ ਦੇ ਮਨ ਵਿੱਚ ਸੰਗੀਤਕਲਾ ਨਾਲ ਪ੍ਰੇਮ ਹੋ ਗਿਆ।

<u>ਸੰਗੀਤ ਸਿੱਖਿਆ: -</u> ਬਚਪਨ ਵਿੱਚ ਹੀ ਸੰਗੀਤ ਸਿੱਖਣ ਦਾ ਸ਼ੌਕ ਆਪ ਦੇ ਮਨ ਵਿੱਚ ਸੀ। ਇਹ ਵੇਖਦੇ ਹੋਏ ਆਪ ਦੇ ਮਾਤਾ ਪਿਤਾ ਜੀ ਨੂੰ 12 ਸਾਲ ਦੀ ਉਮਰ ਵਿੱਚ ਭਾਈ ਲਾਲ ਜੀ ਕੋਲ ਸੰਗੀਤ ਸਿੱਖਣ ਲਈ ਅੰਮ੍ਰਿਤਸਰ ਭੇਜ ਦਿੱਤਾ। ਕੁਝ ਦੇਰ ਇੱਥੇ ਰਹਿਣ ਤੋਂ ਬਾਅਦ ਖਿਆਲ ਗਾਇਕੀ ਦੇ ਉਸਤਾਦ ਦਲੀਪ ਚੰਦਰ ਵੇਦੀ ਜੀ ਤੋਂ ਲਾਹੌਰ ਜਾ ਕੇ ਆਪ ਨੇ ਸਿੱਖਿਆ ਲਈ। ਆਪ ਵਿੱਚ ਸੰਗੀਤ ਦੀ ਭੁੱਖ ਵਧਦੀ ਹੀ ਗਈ ਸਿੱਟੇ ਵਜੋਂ ਆਪ ਇਥੋਂ ਗਵਾਲੀਅਰ ਚਲੇ ਗਏ। ਇਕੇ ਆ ਕੇ ਉਮਰਾਵ ਖਾਂ ਕੋਲੋਂ ਸੁਣਦਾ ਆਪਦਾ ਸ਼ਿਸ਼ ਬਣਾਨ ਲਈ ਰਾਜੀ ਹੋ ਜਾਂਦਾ ਪਰ ਆਪ ਦਾ ਮਨ ਇਥੇ ਵੀ ਨਾ ਲੱਗਾ। ਆਪ ਉਸਤਾਦ ਫੈਆਜ਼ ਖਾਂ ਜੀ ਤੋਂ ਸਿੱਖਿਆ ਲੈਣ ਲਈ ਆਪ ਬੜੌਦਾ ਰਵਾਨਾ ਹੋ ਗਏ। ਅਨੇਕ ਕਠਿਨਾਈਆਂ ਦਾ ਸਾਹਮਣਾ ਕਰਦੇ ਹੋਏ ਆਪਣੇ ਦ੍ਰਿੜ ਨਿਸ਼ਚੈ ਅਤੇ ਮਿਹਨਤ, ਸੇਵਾ ਭਾਵ ਨਾਲ ਆਪਣੇ ਗੁਰੂ ਦਾ ਧਿਆਨ ਆਪਣੇ ਵੱਲ ਖਿੱਚਿਆ ਅਤੇ ਆਗਰੇ ਘਰਾਣੇ ਦੀ ਬਾਰੀਕੀਆਂ ਸਿੱਖੀਆਂ। 7 ਸਾਲ ਦੀ ਕੜੀ ਮਿਹਨਤ ਨਾਲ ਆਪ ਆਗਰਾ ਘਰਾਣੇ ਦੇ ਸਾਰੇ ਗੁਣ ਸਿੱਖ ਲਏ। ਆਪ ਦੀ ਗਾਇਕੀ ਅਤੇ ਗੁਰੂ ਦੀ ਗਾਇਕੀ ਵਿੱਚ ਇੰਨੀ ਸਮਾਨਤਾ ਸੀ ਲੋਕ ਵੀ ਧੋਖਾ ਖਾ ਜਾਂਦੇ ਸਨ ਕੀ ਗੁਰੂ ਗਾ ਰਿਹਾ ਹੈ ਕਿ ਸ਼ਿਸ਼। ਪੂਰੀ ਸਿੱਖਿਆ ਪ੍ਰਾਪਤ ਕਰਨ ਮਗਰੋਂ ਆਪ ਆਪਦੀ ਮਾਤ ਭੂਮੀ ਪੰਜਾਬ ਵਾਪਿਸ ਪਰਤ ਆਏ।

ਆਪ ਨੇ ਲਾਹੌਰ ਅਤੇ ਫਿਰ ਜਲੰਧਰ ਦੇ ਰੇਡਿਓ ਸਟੇਸ਼ਨ ਤੋਂ ਆਪਣੇ ਪ੍ਰੋਗਰਾਮ ਦੇਣੇ ਸ਼ੁਰੂ ਕੀਤੇ। 1951 ਤੋਂ

1967 ਤੱਕ ਆਪ ਜਲੰਧਰ ਵਿੱਚ ਮਿਊਜ਼ਿਕ ਸੁਪਰਵਾਈਜ਼ਰ ਦੇ ਤੌਰ ਤੇ ਕੰਮ ਕਰਦੇ ਰਹੇ। 1968 ਤੋਂ ਬਾਅਦ ਆਪ ਨੇ ਪੰਜਾਬੀ ਯੂਨੀਵਰਸਿਟੀ ਵਿੱਚ ਅਧਿਆਪਕ ਦੇ ਰੂਪ ਵਿੱਚ ਅਹੌਦਾ ਸੰਭਾਲਿਆ।

<u>ਸੰਗੀਤ ਸੰਮੇਲਣ :-</u> ਆਪ ਜੀ ਦੀ ਗਾਇਕੀ ਆਗਰੇ ਘਰਾਣੇ ਦੀ ਸੀ, ਆਪਣੀ ਗਾਇਕੀ ਨਾਲ ਆਪ ਸਰੋਤਿਆਂ ਨੂੰ ਮਗਧ ਕਰ ਦਿੰਦੇ ਸਨ। ਆਪ ਨੇ ਦਿੱਲੀ, ਬੰਬਈ, ਸ਼ਿਮਲਾ, ਬੜ੍ਹੌਦਾ, ਜਲੰਧਰ, ਲਖਨਊ, ਇੰਦਰੋ, ਭੂਪਾਲ ਆਕਾਸ਼ਵਾਣੀ ਕੇਂਦਰ ਤੋਂ ਸੰਗੀਤ ਪ੍ਰਸਾਰਿਤ ਕੀਤਾ। ਅਖਿਲ ਭਾਰਤੀ ਸੰਗੀਤ ਸੰਮੇਲਨ ਵਿੱਚ ਆਪ ਨੇ 14 ਵਾਰ ਸੰਗੀਤ ਸੰਮੇਲਨ ਵਿੱਚ 30 ਸਾਲਾਂ ਤੋਂ ਲਗਾਤਾਰ ਭਾਰ ਲੈਂਣੇ ਰਹੇ।

<u>ਪੁਸਤਕਾਂ ਦੇ ਕੰਮ :-</u> ਆਪਣੇ ਤਜਰਬੇ, ਖੋਜਾਂ ਵਿਚਾਰਾਂ ਅਤੇ ਗਿਆਨ ਨੂੰ 'ਗਾਇਨ ਕਲਾ' ਦੇ ਪੁਸਤਕਾਂ ਦੇ ਰੂਪ ਵਿੱਚ ਸੰਚਿਤ ਕੀਤਾ। ਕਿਹੜੀਆਂ ਸੰਗੀਤ ਪ੍ਰੇਮੀ ਅਤੇ ਜੱਗਾਸੂਆਂ ਲਈ ਵਰਦਾਨ ਸਿੱਧ ਹੋਣਗੀਆਂ। ਇਸ ਤੋਂ ਇਲਾਵਾ ਆਪ ਦੇ ਸ਼ਬਦਾਂ ਦੇ ਰਿਕਾਰਡ ਅਤੇ ਸ਼ਿਸ਼ ਜੋ ਕੀ ਸੰਗੀਤਕਾਰ ਬਣਾ ਦਿੱਤੇ। ਆਪ ਜੀ ਦੇ ਸ਼ਿਸ਼ ਵਿਚੋਂ ਫਿਲਮੀ ਖੇਤਰਾ ਦੇ ਜੈ ਦੇਵ, ਪ੍ਰਸਿੱਧ ਗਜ਼ਲ, ਗਾਇਕ ਜਗਜੀਤ ਸਿੰਘ, ਬਲਬੀਰ ਸਿੰਘ, ਕਲਮੀ ਆਦਿ ਨਾਲ ਪ੍ਰਮੁੱਖ ਹਨ।

ਆਪ ਨੇ ਸਾਦਾ ਜੀਵਨ ਬਤੀਤ ਕੀਤਾ ਆਪ ਦਾ ਵਿਚਾਰ ਸੀ ਕਿ ਸ਼ੁੱਧ ਖਾਣਾ ਪੀਣਾ ਅਤੇ ਨਿਯਮਿਤ ਅਭਿਆਸ ਦੀ ਕਲਾ ਵਿੱਚ ਆਕਰਸ਼ਨ ਪੈਦਾ ਕਰ ਸਕਦੇ ਹਨ। ਉਨ੍ਹਾਂ ਦਾ ਵਿਚਾਰ ਸੀ ਕੇਵਲ ਡਿਗਰੀ ਪ੍ਰਾਪਤ ਕਰਨਾ ਨਾਲ ਕਲਾ ਦੀ ਗਰਿਾਈ ਨੂੰ ਨਹੀਂ ਜਾਣਿਆ ਜਾ ਸਕਦਾ। ਅਧਿਆਪਕ ਦੇ ਖੇਤਰ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਗੁਰੂ ਸ਼ਿਸ਼ ਅਨੁਸਾਰ ਘਰਾਨੇਦਾਰ ਗਾਇਕੀ ਦੀ ਸਿੱਖਿਆ ਲੈਣੀ ਚਾਹੀਦੀ ਹੈ।

<u>ਉਪਾਧੀਆਂ :-</u> ਆਪ ਜੀ ਨੇ ਆਪਣੇ ਕਲਾ ਪ੍ਰਦਰਸ਼ਨ ਨਾਲ ਕਈ ਐਵਾਰਡ ਹਾਸਿਲ ਕੀਤੇ। 1976 ਈ: ਵਿੱਚ ਸ਼੍ਰੀ ਰਾਮ ਭਾਰਤੀ ਕਲਾ ਕੇਂਦਰ ਵਿੱਚ ਪੰਜ ਹਜ਼ਾਰ ਦਾ ਨਕਦ ਇਨਾਮ ਮਿਲਿਆ। ਚੰਡੀਗੜ੍ਹ ਵਿਖੇ 1977 ਵਿੱਚ ਦਿਲਗੀਰ ਐਵਾਰਡ ਨਾਲ ਨਵਾਜ਼ਿਆ ਗਿਆ। 1980 ਸੰਗੀਤ ਨਾਇਕ ਐਕਡਮੀ ਵਿੱਚ 3100 ਰੁ: ਦੀ ਰਾਸ਼ੀ ਅਤੇ ਸਨਮਾਨ ਪੱਤਰ ਭੇਟ ਕੀਤੇ ਗਏ।

1981 ਵਿੱਚ ਚੰਡੀਗੜ੍ਹ ਵਿਖੇ ਸ਼ਾਸਤਰੀ ਸੰਗੀਤ ਗਾਇਕ ਦੀ ਉਪਾਧੀ ਨਾਲ ਨਵਾਜ਼ਿਆ ਗਿਆ। 1982 ਵਿੱਚ ਜਲੰਧਰ ਵਿਖੇ 'ਸੰਗੀਤ ਸ਼੍ਰੋਮਣੀ' ਉਪਾਧੀ ਦਿੱਤੀ ਗਈ ਅਤੇ 1983 ਵਿੱਚ ਪਦਮ ਸ਼੍ਰੀ ਦਾ ਖਿਤਾਬ ਦਿੱਤਾ ਗਿਆ।

<u>ਮਨ ਭਾਉਂਦੇ ਰਾਗ:-</u> ਜੈ ਜੈਵੰਨੀ, ਲਲਿਤ, ਦੇਸੀ, ਤੋੜੀ, ਬਿਹਾਰ, ਭੀਮ ਪਲਾਸੀ, ਆਪ ਦੇ ਮਨ ਭਾਉਂਦੇ ਰਗਾਂ ਸਨ। ਆਲਾਪ, ਬੋਲ ਬਣਾਉ ਬੋਲ ਬਾਣ, ਰਾਮਕ, ਸੀਡੇ, ਖੁੱਲੀ ਜ਼ੋਰਦਾਰ ਆਵਾਜ਼ ਵਿੱਚ ਆਪ ਜੀ ਮੁਹਾਰਨ ਹਾਸਿਲ ਸੀ।

ਪ੍ਰੋ: ਸੋਹਣ ਸਿੰਘ ਜੀ ਨੇ ਆਪਣੀ ਪ੍ਰਤੀਭਾ, ਦੇ ਨਾਲ ਸੰਗੀਤ ਵਿੱਚ ਵੀ ਬਹੁਤ ਵੱਡਾ ਯੋਗਦਾਨ ਪਾਇਆ। ਆਗਰੇ ਘਰਾਨੇ ਦੀ ਗਾਇਕੀ ਨੂੰ ਆਪ ਨੂੰ ਬੁਲੰਦੀਆਂ ਤੱਕ ਪਹੁੰਚਾਇਆ। 3 ਫਰਵਰੀ, 1987 ਨੂੰ ਆਪ ਸੰਗੀਤ ਜਗਤ ਨੂੰ ਵਿਛੋੜ ਕੇ ਗਏ। ਪਰ ਆਪ ਜੀ ਦੇ ਪਦਚਿੰਨਾਂ ਤੇ ਚੱਲ ਕੇ ਆਉਣ ਵਾਲੀ ਪੀੜੀ ਸੰਗੀਤ ਨੂੰ ਉੱਚਾ ਚੁੱਕ ਸਕਦੀ ਹੈ। ਜਿਸ ਲਈ ਅਸੀਂ ਸਾਰੇ ਆਪ ਰਿਨੀ ਰਹਾਂਗੇ।

## ਪਾਠ - ਅਭਿਆਸ

### ਵਸਤੂਨਿਸ਼ਠ ਪ੍ਰਸ਼ਨ

1. ਪ੍ਰੋ: ਸੋਹਨ ਸਿੰਘ ਦਾ ਜਨਮ ਕਿੱਥੇ ਹੋਇਆ ?
2. ਪ੍ਰੋ: ਸੋਹਨ ਸਿੰਘ ਦੇ ਪਿਤਾ ਦਾ ਨਾਂ ਕੀ ਸੀ ?
3. ਇਹਨਾਂ ਨੇ ਸੰਗੀਤ ਸਿੱਖਿਆ ਕਿਸ ਤੋਂ ਪ੍ਰਾਪਤ ਕੀਤੀ ?
4. ਆਪ ਨੇ ਕਿਹੜੇ - ਕਿਹੜੇ ਰੇਡੀਓ ਸਟੇਸ਼ਨ ਤੋਂ ਪ੍ਰੋਗ੍ਰਾਮ ਦੇਣੇ ਸ਼ੁਰੂ ਕੀਤੇ ?
5. ਜਲੰਧਰ ਵਿਖੇ ਰੇਡੀਓ ਸਟੇਸ਼ਨ ਤੇ ਕਿਹੜੇ ਅਹੁਦੇ ਤੇ ਨਿਯੁਕਤ ਹੋਏ।
6. ਇਹਨਾਂ ਦੁਆਰਾ ਲਿਖਿਤ ਪੁਸਤਕ ਦਾ ਨਾ ਦੱਸੋ ।
7. ਸੰਨ 1977 ਚੰਡੀਗੜ੍ਹ ਵਿਖੇ ਕਿਹੜੀ ਉਪਾਧੀ ਨਾਲ ਨਵਾਜ਼ਿਆ ਗਿਆ ?
8. ਇਹਨਾਂ ਦੇ ਦੋ ਮੰਗ ਭਾਉਂਦੇ ਰਾਗਾਂ ਦੇ ਨਾਂ ਦੱਸੋ ।

ਅਧਿਆਪਕ ਲਈ

1. ਵਿਦਿਆਰਥੀਆਂ ਕੋਲੋ ਪ੍ਰੋ: ਸੋਹਨ ਸਿੰਘ ਦਾ ਚਿੱਤਰ ਲਗਾ ਕੇ ਚਾਰਟ ਬਣਵਾਇਆ ਜਾਵੇ।
2. ਇਹਨਾਂ ਤੋਂ ਇਲਾਵਾ ਭਿੰਨ - ਭਿੰਨ ਗਾਇਕੀ ਦੇ ਕਲਾਕਾਰਾ ਬਾਰੇ ਦੱਸਿਆ ਜਾਵੇ।

## ਜੀਵਨੀ - (ii) ਡਾ. ਦਲੀਪ ਚੰਦਰ ਬੇਦੀ

ਪੰਜਾਬ ਦੇ ਸ਼ਾਸਤਰੀ ਸੰਗੀਤ ਦੇ ਉੱਚ ਸ਼੍ਰੇਣੀ ਦੇ ਗਾਇਕਾਂ ਵਿੱਚ ਸ਼੍ਰੀ ਦਲੀਪ ਚੰਦਰ ਦਾ ਨਾਂ ਬੜੇ ਸਤਿਕਾਰ ਅਤੇ ਸ਼ਰਧਾ ਨਾਲ ਲਿਆ ਜਾਂਦਾ ਹੈ। ਕਹਿੰਦੇ ਨੇ ਕਿ ਸੰਗੀਤ ਇੱਕ ਜਾਦੂ ਹੈ ਜੋ ਸਿਰ ਚੜ੍ਹ ਕੇ ਬੋਲਦਾ ਹੈ। ਆਪਨੇ ਸਹੀ ਅਰਥਾਂ ਇਸ ਜਾਦੂ ਤੇ ਸਿੱਧੀ ਪ ਲਈ ਸੀ।

ਡਾ. ਦਲੀਪ ਚੰਦਰ ਬੇਦੀ ਦਾ ਜਨਮ 24 ਮਾਰਚ ਸੰਨ 1901 ਈਸਵੀ ਨੂੰ ਪੰਜਾਬ ਦੇ ਇਤਿਹਾਸਕ ਤੇ ਧਾਰਮਿਕ ਸਥਾਨ ਸ਼੍ਰੀ ਅਨੰਦਪੁਰ ਸਾਹਿਬ ਵਿੱਚ ਹੋਇਆ। ਆਪ ਦੇ ਪਿਤਾ ਦਾ ਨਾਂ ਸ਼੍ਰੀ ਸੰਤ ਰਾਮ ਸੀ ਜੋ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਘਰਾਣੇ ਵਿਚੋਂ ਸਨ। ਬਚਪਨ ਵਿਚ ਹੀ ਆਪ ਜੀ ਦੇ ਮਾਤਾ - ਪਿਤਾ ਦੀ ਮੌਤ ਹੋ ਗਈ। ਆਪ ਜੀ ਦੇ ਮਾਸੜ ਜੀ, ਜੋ ਉਸ ਵੇਲੇ ਪ੍ਰਸਿੱਧ ਜਗੀਰਦਾਰ ਸੀ, ਆਪ ਨੂੰ ਆਪਣੇ ਨਾਲ ਲੈ ਗਏ ਅਤੇ ਆਪ ਨੂੰ ਕੇਂਦਰੀ ਯਤੀਮਖਾਨਾ ਅੰਮ੍ਰਿਤਸਰ ਵਿੱਚ ਭਰਤੀ ਕਰਵਾ ਦਿੱਤਾ। ਯਤੀਮ ਖਾਨੇ ਵਿੱਚ ਹੀ ਉਸਤਾਦ ਗਾਇਕ ਭਾਈ ਉੱਤਮ ਸਿੰਘ ਦੀ ਨਜ਼ਰ ਆਪ ਤੇ ਪਈ, ਆਪ ਦੀ ਤੇਜ਼ ਬੁਧੀ ਅਤੇ ਸਹਿਜਤਾ ਨੂੰ ਦੇਖ ਕੇ ਬਹੁਤ ਪ੍ਰਭਾਵਿਤ ਹੋਏ। ਉਨ੍ਹਾਂ ਨੇ ਆਪ ਨੂੰ ਪਹਿਲਾਂ ਕੀਰਤਨ ਦੀ ਸਿੱਖਿਆ ਦੇਣੀ ਸ਼ੁਰੂ ਕੀਤੀ। ਫਿਰ ਨਾਲ ਹੀ ਉੱਤਰ ਭਾਰਤੀ ਸ਼ਾਸਤਰੀ ਸੰਗੀਤ ਵਿੱਚ ਖਿਆਲ ਅਤੇ ਧਰੁਪਦ ਗਾਇਨ ਦੀ ਸਿੱਖਿਆ ਦੇਣੀ ਸ਼ੁਰੂ ਕਰ ਦਿੱਤੀ।

ਆਪ ਦੇ ਯੁਗ ਵਿੱਚ ਸੰਗੀਤ ਨੂੰ ਨਫਰਤ ਦੀ ਨਜ਼ਰ ਨਾਲ ਦੇਖਿਆ ਜਾਂਦਾ ਸੀ। ਆਪ 7 ਭਾਸ਼ਾਵਾਂ ਦੇ

ਗਿਆਨ ਸਨ। ਸੰਗੀਤ ਲਈ ਆਪ ਨੇ ਘਰ ਤੋਂ 1200 ਮੀਲ ਦੂਰ ਜਾ ਕੇ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ। ਉਥੇ ਰਹਿ ਕੇ ਪ੍ਰਯੋਗੀ ਸੰਗੀਤ ਦੇ ਨਾਲ - ਨਾਲ ਸੰਗੀਤ ਸ਼ਾਸਤਰ ਦਾ ਵੀ ਡੂੰਘਾ ਅਧਿਐਨ ਕੀਤਾ।

ਸੰਨ 1918 ਈ: ਵਿੱਚ ਜਲੰਧਰ ਵਿਖੇ ਸ਼੍ਰੀ ਹਰਵੱਲਭ ਸੰਗੀਤ ਸੰਮੇਲਨ ਵਿੱਚ ਹਿਸਾ ਲੈਣ ਆਏ ਭਾਰਤ ਦੇ ਨਿਪੁੰਨ ਗਾਇਕ ਪੰਡਤ ਭਾਸਕਰ ਰਾਵ ਬਰਮ ਬਖਲੇ ਨੂੰ ਆਪਣਾ ਸੰਗੀਤ ਗੁਰੂ ਬਣਾਇਆ । ਪੰਡਤ ਰਾਵ ਜੀ ਤੋਂ ਆਪ ਨੂੰ ਸਿਖਿਆ ਲੈਂਦੇ ਅਜੇ 4 ਸਾਲ ਹੀ ਹੋਏ ਸਨ ਕਿ ਪੰਡਤ ਜੀ ਦੀ ਮੌਤ ਹੋ ਗਈ ਇਨਾਂ ਚਾਰ ਸਾਲਾਂ ਵਿੱਚ ਆਪ ਨੇ ਭਾਰਤ ਦੇ ਉੱਚ ਕੋਟੀ ਸੰਗੀਤ ਵਿਦਵਾਨਾਂ ਨੂੰ ਸੁਣ ਚੁੱਕੇ ਸਨ। ਆਪ ਦੇ ਮਨ ਗਿਆਨ ਲੈਣ ਦੀ ਇਛਾ ਅਜੇ ਸ਼ਾਤ ਨਹੀਂ ਸੋ ਹੋਈ, ਆਪ ਨੇ ਯੋਗ ਗੁਰੂ ਦੀ ਭਾਲ ਸ਼ੁਰੂ ਕਰ ਦਿੱਤੀ। ਉਨ੍ਹਾਂ ਦਿਨਾਂ ਵਿੱਚ ਬੜੌਂਦ ਸ਼ਾਸਤਰੀ ਸੰਗੀਤ ਦਾ ਮਹੱਤਵਪੂਰਣ ਕੇਂਦਰ ਮੰਨਿਆ ਜਾਂਦਾ ਸੀ। ਉੱਥੇ ਆਪ ਨੇ 'ਆਫਤਾਬੇ ਮੌਸੀਕੀ' ਡਾ. ਫੈਆਜ਼ ਖਾਨ ਤੋਂ ਸੰਗੀਤ ਸਿੱਖਣਾ ਸ਼ੁਰੂ ਕਰ ਦਿੱਤਾ। ਦਲੀਪ ਚੰਦਰ ਬੇਦੀ ਜੀ ਉਨ੍ਹਾਂ ਤੋਂ ਸਿੱਖਿਆ ਪਾ ਕੇ ਇੱਕ ਯੋਗ ਕਲਾਕਾਰ ਬਣ ਗਏ ਬੜੌਂਦਾ ਰਹਿੰਦੇ ਹੋਏ ਆਪ ਨੂੰ ਉਸਤਾਦ ਅਲਾਦੀਆਂ ਖਾਂ ਅਤੇ ਹੈਦਰ ਖਾਂ ਤੋਂ ਵੀ ਸੰਗੀਤ ਲਿਖਣ ਦਾ ਮੌਕਾ ਮਿਲਿਆ। ਉਥੇ ਰਹਿੰਦੇ ਹੀ ਆਪ ਨੇ ਅਲੱਗ - 2 ਭਾਸ਼ਾਵਾਂ ਦੇ ਸੰਗੀਤ ਗ੍ਰੰਥਾਂ ਦਾ ਅਧਿਐਨ ਕਰਕੇ ਆਪਣੇ ਸੰਗੀਤ ਗਿਆਨ ਦੇ ਸ਼ਾਸਤਰੀ ਪੱਖ ਨੂੰ ਮਜਬੂਤ ਕੀਤਾ।

ਸੰਨ 1924 ਈ: ਵਿੱਚ ਪੰਜਾਬ ਦੀ ਪਟਿਆਲਾ ਰਿਆਸਤ ਦੇ ਮਹਾਰਾਜ ਨੇ ਆਪ ਨੂੰ ਦਰਬਾਰੀ ਗਾਇਕ ਨਿਯੁਕਤ ਕੀਤਾ। ਸੰਨ 1925 ਵਿੱਚ ਅਖਿਲ ਭਾਰਤੀ ਸੰਗੀਤ ਪਰੀਸ਼ਦ ਲਖਨਊ ਵਲੋਂ ਆਯੋਜਿਤ ਸੰਗੀਤ ਸਭਾ ਵਿੱਚ ਆਪ ਨੇ ਆਪਣੀ ਗਾਇਨ ਕਲਾ ਦਾ ਪ੍ਰਦਰਸ਼ਨ ਕੀਤਾ ਅਤੇ ਆਪ ਨੇ ਸੋਨੇ ਦਾ ਪਦਕ ਨਾਲ ਸਨਮਾਨਿਤ ਕੀਤਾ ਗਿਆ। ਸੰਨ 1927 ਈ: ਵਿੱਚ ਕਰਾਚੀ ਦੀ ਸਿੰਧ ਸੰਗੀਤ ਕਾਨਫਰੰਸ ਦੀ ਕਮੇਟੀ ਨੇ ਆਪ ਨੂੰ 'ਮਹਿਤਾਬੇ ਮੌਸੀਕੀ' ਅਤੇ ਸੰਨ 1913 ਈ: ਵਿੱਚ ਗੁਰੁਕੁਲ ਕਾਂਗੜੀ ਵਲੋਂ ਆਯੋਜਿਤ ਸੰਗੀਤ ਸੰਮੇਲਨ ਵਿੱਚ 'ਸੰਗੀਤ ਸ਼ਿੰਗਾਰ' ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ। ਸੰਨ 1934 ਈ: ਵਿੱਚ ਛੇਵੀਂ ਅਖਿਲ ਭਾਰਤੀ ਸੰਗੀਤ ਪਰੀਸ਼ਦ ਬਨਾਰਸ ਵਲੋਂ ਆਪ ਨੂੰ 'ਸਰਵਸ਼੍ਰੇਠ ਖਿਆਲ ਗਾਇਕ' ਐਲਾਨਿਆ ਗਿਆ। ਸੰਨ 1938 ਈ: ਵਿੱਚ ਕਲੱਕਤਾ ਕਾਨਫਰੰਸ ਦੀ ਕਮੇਟੀ ਨੇ ਆਪ ਨੂੰ 'ਕਿੰਗ ਵਾਜਿਦ ਅਲੀ ਸ਼ਾਹ' ਗੋਲਡ ਮੈਡਲ ਨਾਲ ਸਨਮਾਨਿਤ ਕੀਤਾ। ਇਸ ਤਰ੍ਹਾਂ ਭਾਰਤ ਦੇ ਵੱਖ - 2 ਰਾਜਾਂ ਦੀਆਂ ਵੱਖ - 2 ਸੰਗੀਤ ਸੰਸਥਾਵਾਂ, ਸੰਗੀਤ ਸਭਾਵਾਂ ਵਲੋਂ ਆਪ ਨੂੰ ਸੰਗੀਤ ਸੁਧਾਕਰ 'ਸੰਗੀਤ ਰਤਨ, 'ਸੰਗੀਤ ਪ੍ਰਵੀਣ' ਆਦਿ ਉਪਾਧੀਆਂ ਨਾਲ ਸਨਮਾਨਿਤ ਕੀਤਾ ਗਿਆ।

ਡਾ. ਦਲੀਪ ਚੰਦਰ ਬੇਦੀ ਇਕ ਸਫਲ ਗਾਇਕ ਦੇ ਨਾਲ - ਨਾਲ ਸੰਗੀਤ ਸ਼ਾਸਤ ਦੇ ਵੀ ਨਿਪੁੰਨ ਵਿਦਵਾਨ ਸਨ। ਆਪ ਨੇ ਕਈ ਗੀਤਾਂ, ਅਤੇ ਕਈ ਨਵੇਂ ਰਾਗ ਦੀ ਵੀ ਖੋਜ ਕੀਤੀ। ਜਿਸ ਵਿੱਚ 'ਬੇਦੀ ਦੀ ਲਲਿਤ' ਰਾਗ ਪੂਰੇ ਭਾਰਤ ਵਿੱਚ ਹਰਮਨ ਪਿਆਰਾ ਹੋ ਗਿਆ। ਆਪ ਜੀ ਦੇ ਪ੍ਰਾਚੀਨ ਗ੍ਰੰਥ ਪੜ੍ਹ ਕੇ ਉਨਾਂ ਦਾ ਫਿਰ ਤੋਂ ਮੁਲਾਂਕਣ ਕਰਕੇ ਸੰਗੀਤ ਸਮਾਜ ਵਿੱਚ ਉਨ੍ਹਾਂ ਦੇ ਲੇਖਕਾਂ ਨੂੰ ਇਜ਼ਤ ਦੁਆਈ। ਆਪ ਜੀ ਦੀ ਸ਼ਿਸ਼ ਪ੍ਰੰਪਰਾ ਵਿੱਚ ਪੰ. ਹੁਸਨ ਲਾਲ, ਵਿਨੋਦ ਕੁਮਾਰ, ਐਮ. ਆਰ. ਗੌਤਰ ਸ਼੍ਰੀ ਭਗਵਾਨ ਦਾਸ ਸੈਣੀ, ਸ਼੍ਰੀ ਮਤੀ ਮਾਣਕ ਵਰਮਾ, ਸ਼੍ਰੀ ਮਦਨ ਲਾਲ ਬਾਲੀ, ਕੁਮਾਰੀ ਅਨੀਤਾ ਰਾਓ ਚੌਧਰੀ, ਪ੍ਰੋ. ਪ੍ਰਾਣਨਾਥ ਸ਼ਾਮਲ ਹਨ।

ਵੈਸੇ ਤਾਂ ਆਪ ਸਾਰੇ ਸ਼ਾਸਤਰੀ ਰਾਗਾਂ ਤੇ ਪੂਰਾ ਅਧਿਕਾਰ ਰਖਦੇ ਸਨ ਪਰ ਮਾਰਵਾ, ਤੋੜੀ, ਤੁਖਾਰੀ, ਰਾਮਕਲੀ, ਦੇਸੀ, ਆਸਾਵਰੀ, ਜੋਗੀਆ, ਸ਼ੁੱਧ ਸਾਰੰਗ, ਚੰਦਰ ਕੌਂਸ, ਬਾਗੇਸਵਰੀ ਕਲਿਆਣ, ਡਾਇਆਨਟ, ਬਿਹਾਰਾ ਆਦਿ ਰਾਗ ਆਪ ਨੂੰ ਖਾਸ ਪਸੰਦ ਸਨ।

ਸੰਨ 1936 ਵਿੱਚ ਪਟਿਆਲਾ ਘਰਾਣੇ ਦੇ ਪ੍ਰਸਿੱਧ ਸਿਤਾਰ ਵਾਦਕ ਉਸਤਾਦ ਬਖਤਉੱਲਾ ਖਾਂ ਦੀ ਮੌਤ ਤੋਂ ਬਾਦ ਮਹਾਰਾਜਾ ਭੁਪਿੰਦਰ ਸਿੰਘ ਨੇ ਆਪਣੀ ਇੱਛਾ ਜ਼ਾਹਰ ਕੀਤੀ ਕਿ ਉਹ ਸੰਗੀਤਕਾਰ ਦੇ ਰੂਪ ਵਿੱਚ ਕੰਮ - ਕਾਜ ਸੰਭਾਲਣ ਪਰ ਆਪ ਨੇ ਤਨਖਾਹ ਤੇ ਕੰਮ ਕਰਨਾ ਆਪਣੀ ਸ਼ਾਨ ਦੇ ਖਿਲਾਫ ਸਮਝਿਆ। ਸੰਨ 1964 ਵਿੱਚ ਆਪ ਨੇ ਜੈਪੁਰ ਤੋਂ ਪੀ. ਐਚ. ਡੀ. ਦੀ ਡਿਗਰੀ ਹਾਸਲ ਕੀਤੀ। ਸੰਨ 1982 ਈ: ਵਿੱਚ ਆਪ ਨੇ ਡੀ. ਲਿਟ. ਦੀ ਡਿਗਰੀ ਖੈਰਾਗੜ੍ਹ ਮਧ ਪ੍ਰਦੇਸ਼ ਤੋਂ ਪ੍ਰਾਪਤ ਕੀਤੀ।

ਆਪ ਆਪਣੇ ਜੀਵਨ ਦੇ ਆਖਰੀ ਸਾਲਾਂ ਵਿੱਚ ਭਾਰਤੀ ਕਲਾ ਕੇਂਦਰ ਨਵੀਂ ਦਿੱਲੀ ਵਿੱਚ ਪ੍ਰਧਾਨ ਦੇ ਪਦ ਤੇ ਕੰਮ ਕਰਦੇ ਰਹੇ।

ਦਸੰਬਰ 1982 ਵਿੱਚ ਪ੍ਰਸਿੱਧ ਗਾਇਕ ਅਤੇ ਸ਼ਾਸਤਰੀ ਪੰਡਤ ਦੀ ਮੌਤ ਹੋ ਗਈ ! ਆਪ ਨੇ ਸੰਗੀਤ ਜਗਤ ਵਿੱਚ ਜਿੰਨੀ ਸੇਵਾ ਕੀਤੀ, ਉਸ ਲਈ ਸੰਗੀਤ ਜਗਤ ਆਪ ਦਾ ਹਮੇਸ਼ਾ ਅਹਿਸਾਨਮੰਦ ਰਹੇਗਾ। ਕਿਉਂਕਿ ਅਜਿਹੇ ਕਲਾਕਾਰ ਸੰਸਾਰ ਵਿੱਚ ਬਹੁਤ ਘਟ ਹੁੰਦੇ ਹਨ ਜੋ ਆਪਣਾ ਸਾਰਾ ਜੀਵਨ ਸੰਗੀਤ ਦੇ ਨਾਂ ਤੇ ਨਿਛਾਵਰ ਕਰ ਦੇਣ।

## ਪਾਠ - ਅਭਿਆਸ

### ਵਸਤੂਨਿਸ਼ਠ ਪ੍ਰਸ਼ਨ

1. ਡਾ: ਦਲੀਪ ਚੰਦਰ ਬੇਦੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ ?
2. ਆਪ ਦੇ ਪਿਤਾ ਦਾ ਨਾਂ ਕੀ ਸੀ?
3. ਡਾ: ਦਲੀਪ ਚੰਦਰ ਬੇਦੀ ਜੀ ਨੇ ਆਪਣੀ ਸੰਗੀਤ ਸਿੱਖਿਆ ਕਿਸ ਤੋਂ ਪ੍ਰਾਪਤ ਕੀਤੀ ?
4. ਪਟਿਆਲਾ ਰਿਆਸਤ ਦੇ ਮਹਾਰਾਜ ਨੇ ਆਪ ਨੂੰ ਕਦੋਂ ਦਰਬਾਰੀ ਗਾਇਕ ਨਿਯੁਕਤ ਕੀਤਾ ?
5. ਆਪ ਨੂੰ ਕਿਹੜੀਆਂ ਦੋ ਉਪਾਧੀਆਂ ਨਾਲ ਸਨਮਾਨਿਤ ਕੀਤਾ ਗਿਆ ?
6. ਸੰਨ 1938 ਈ: ਵਿੱਚ ਕਲਕਤਾ ਕਾਨਫਰੰਸ ਦੀ ਕਮੇਟੀ ਨੇ ਆਪ ਨੂੰ ਕਿਸ ਨਾਲ ਸਨਮਾਨਿਤ ਕੀਤਾ ?
7. ਇਹਨਾਂ ਦੇ ਦੋ ਸ਼ਿਸ਼ਾ ਦੇ ਨਾਂ ਦੱਸੋ ?

### ਅਧਿਆਪਕ ਲਈ

ਵਿਦਿਆਰਥੀਆਂ ਨੂੰ ਡਾ: ਦਲੀਪ ਚੰਦਰ ਬੇਦੀ ਦੇ ਜੀਵਨ ਅਤੇ ਗਾਇਕੀ ਦੀ ਜਾਣਕਾਰੀ ਦੇ ਨਾਲ ਹੋਰ ਸੰਗੀਤਕਾਰਾਂ ਬਾਰੇ ਵੀ ਦਸਣਾ।

## ਪਾਠ - 4

## ਪਟਿਆਲਾ ਘਰਾਣਾ ਅਤੇ ਦਿੱਲੀ ਘਰਾਣਾ

ਘਰਾਣਾ :- ਸਾਧਾਰਨ ਭਾਸ਼ਾ ਵਿੱਚ 'ਘਰਾਣਾ' ਸੰਬਦ ਦੇ ਅਨੇਕ ਅਰਥ ਹਨ, ਜਿਵੇਂ ਘਰ, ਕੁਟੰਬ, ਪਰਿਵਾਰ, ਸੰਪਰਦਾਇ, ਵੰਸ਼ ਪਰੰਪਰਾ ਆਦਿ। ਸ਼ਾਸਤਰੀ ਸੰਗੀਤ ਦੇ ਖੇਤਰ ਵਿੱਚ 'ਘਰਾਣਾ' ਸ਼ਬਦ ਦਾ ਸੰਬੰਧ ਇਨ੍ਹਾਂ ਵਿੱਚੋਂ ਕਿਸੇ ਇੱਕ ਜਾਂ ਅਨੇਕ ਸ਼ਬਦਾਂ ਨਾਲ ਹੋ ਸਕਦਾ ਹੈ। ਕੁਝ ਵਿਦਵਾਨਾਂ ਨੇ 'ਘਰਾਣਾ' ਸ਼ਬਦ ਦਾ ਅਰਥ 'ਘਰ' ਮੰਨਿਆ ਹੈ ਤੇ ਕੁਝ ਵਿਦਾਵਾਨਾਂ ਨੇ 'ਘਰਾਣਾ' ਸ਼ਬਦ ਦਾ ਅਰਥ 'ਵੰਸ਼ ਪਰੰਪਰਾ' ਮੰਨਿਆ ਹੈ।

ਸੰਗੀਤ ਵਿੱਚ ਗੁਰੂ ਸ਼ਿਸ਼ ਪਰੰਪਰਾ ਪੁਰਾਤਨ ਸਮੇਂ ਤੋਂ ਹੀ ਚੱਲ ਰਹੀ ਹੈ। ਹਰ ਕਲਾਕਾਰ ਆਪਣੀ ਕਲਾ ਦੇ ਪ੍ਰਚਾਰ ਲਈ ਆਪਣੇ ਵਰਗੇ ਕਿਸੇ ਹੋਰ ਵਿਅਕਤੀ ਦੀ ਭਾਲ ਕਰਦਾ ਹੈ। ਇਸ ਲਈ ਗੁਰੂ ਆਪਣੀ ਸੰਤਾਨ ਜਾਂ ਕਿਸੇ ਹੋਰ ਪ੍ਰਤਿਭਾਸ਼ਾਲੀ ਸ਼ਿਸ਼ ਦੀ ਚੋਣ ਕਰਦਾ ਹੈ। ਸ਼ਿਸ਼ ਗੁਰੂ ਤੋਂ ਸਿੱਖਿਆ ਪ੍ਰਾਪਤ ਕਰਦਾ ਹੈ ਅਤੇ ਗੁਰੂ - ਸ਼ਿਸ਼ ਦੀ ਇਸ ਪਰੰਪਰਾ ਵਿੱਚ ਤਿੰਨ ਪੀੜੀਆਂ ਨੂੰ ਇੱਕ ਘਰਾਣਾ ਮੰਨਿਆ ਜਾਂਦਾ ਹੈ। ਸ਼੍ਰੀ ਕ੍ਰਿਸ਼ਨ ਰਾਵ ਸ਼ੰਕਰ ਪੰਡਿਤ ਦੇ ਅਨੁਸਾਰ, "ਸ਼ਤਾਬਦੀਆਂ ਜਾਂ ਬਹੁਤ ਸਾਲਾਂ ਦੀ ਪਰੰਪਰਾ, ਉੱਚ ਕੋਟੀ ਦੇ ਗੁਰੂ ਅਤੇ ਕਈ ਪੀੜ੍ਹੀਆਂ ਦੀ ਗੁਰੂ ਸ਼ਿਸ਼ ਪਰੰਪਰਾ ਸਭ ਮਿਲ ਕੇ ਇੱਕ ਘਰਾਣਾ ਬਣਦਾ ਹੈ।"

ਬਾਬੂ ਭਾਈ ਬੈਂਕਰ ਦੇ ਅਨੁਸਾਰ, "ਇੱਕ ਹੀ ਸ਼ੈਲੀ ਵਿੱਚ ਗਾਉਣ ਵਾਲਿਆਂ ਨੂੰ ਇੱਕ ਹੀ ਘਰਾਣੇ ਦੀ ਕਹਿੰਦੇ ਹਨ।"

ਉਪਰੋਕਤ ਪਰਿਭਾਸ਼ਾ ਦੇ ਅਨੁਸਾਰ ਇਹ ਬਿਲਕੁਲ ਨਹੀਂ ਕਿ ਇੱਕ ਹੀ ਘਰਾਣੇ ਦੇ ਕਲਾਕਾਰਾਂ ਦੇ ਗਾਇਨ ਵਿੱਚ ਅੰਤਰ ਨਹੀਂ ਹੋ ਸਕਦਾ। ਇੱਕ ਕਲਾਕਾਰ ਆਪਣੇ ਗੁਰੂ ਦੀ ਸ਼ੈਲੀ ਦਾ ਅਨੁਕਰਣ ਕਰਨ ਦੇ ਨਾਲ - 2 ਆਪਣੀ ਪ੍ਰਤਿਭਾ ਅਤੇ ਗੁਣਾਂ ਨੂੰ ਵੀ ਦਿਖਾਉਂਦਾ ਹੈ। ਇਸ ਕਾਰਨ ਇੱਕ ਹੀ ਘਰਾਣੇ ਦੇ ਹੋਣ ਤੇ ਵੀ ਕਲਾਕਾਰਾਂ ਦੀ ਆਵਾਜ਼ ਦੇ ਲਗਾਵ, ਗਾਇਨ ਵਿਸਤਾਰ ਅਤੇ ਸਵਰ ਪ੍ਰਯੋਗ ਵਿੱਚ ਅਤਰ ਹੁੰਦਾ ਹੈ। ਇੱਕ ਹੀ ਕਲਾਕਾਰ ਨੂੰ ਘਰਾਣੇ ਦੇ ਕਾਇਦੇ ਮੰਨਣੇ ਪੈਂਦੇ ਹਨ। ਜੇਕਰ ਇੱਕ ਕਲਕਾਰ ਆਪਣੀ ਪ੍ਰਤਿਭਾ ਦਿਖਾਉਂਦੇ ਹੋਏ ਆਲਾਪ, ਬੋਲ ਆਲਾਪ, ਤਾਨਾ, ਗਮਕ, ਮੀਂਡ ਆਦਿ ਦੇ ਪ੍ਰਯੋਗ ਵਿੱਚ ਕੁਝ ਅੰਤਰ ਦਿਖਾਉਂਦਾ ਹੈ ਤਾਂ ਵੀ ਉਸਨੂੰ ਘਰਾਣੇ ਦੇ ਮੂਲ ਸਿਧਾਤਾਂ ਦਾ ਪਾਲਣ ਕਰਨਾ ਪੈਂਦਾ ਹੈ।

ਘਰਾਣੇ ਨੂੰ ਇੱਕ ਵਰਗ, ਸੰਪਰਦਾਇ ਜਾਂ ਜਾਤੀ ਦੀ ਤਰ੍ਹਾਂ ਹੀ ਮੰਨਿਆ ਜਾ ਸਕਦਾ ਹੈ। ਜਿਸ ਪ੍ਰਕਾਰ ਕਿਸੇ ਵਰਗ, ਸੰਪਰਦਾਇ ਜਾਂ ਜਾਤੀ ਦੀਆਂ ਆਪਣੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ, ਉਸੇ ਪ੍ਰਕਾਰ ਗਾਇਕੀ ਦੀਆਂ ਕੁਝ ਵਿਸ਼ੇਸ਼ਤਾਵਾਂ ਦੇ ਕਾਰਨ ਹੀ ਘਰਾਣੇ ਬਣ ਜਾਂਦੇ ਹਨ। ਕਿਸੇ ਖਾਸ ਪਹਿਚਾਣ ਦੇ ਕਾਰਨ ਇੱਕ ਹੀ ਰੀਤ ਵਿੱਚ ਗਾਉਣ ਵਾਲੇ ਵਰਗ ਨੂੰ ਇੱਕ ਘਰਾਣਾ ਮੰਨਿਆ ਜਾਂਦਾ ਹੈ। ਸੰਗੀਤ ਦੇ ਖੇਤਰ ਵਿੱਚ ਗਾਇਨ ਦੇ ਕਈ ਘਰਾਣੇ ਪ੍ਰਚਲਿਤ ਹਨ

ਜਿਵੇਂ : 1. ਪਟਿਆਲਾ ਘਰਾਣਾ

2. ਦਿੱਲੀ ਘਰਾਣਾ

3. ਗਵਾਲੀਅਰ ਘਰਾਣਾ

4. ਜੈਪੁਰ ਘਰਾਣਾ

5. ਕਿਰਾਨਾ ਘਰਾਣਾ ਆਦਿ

ਪਟਿਆਲਾ ਅਤੇ ਦਿੱਲੀ ਘਰਾਣੇ ਦਾ ਵਰਣਨ ਇਸ ਪ੍ਰਕਾਰ ਹੈ :-

ਦਿੱਲੀ ਘਰਾਣਾ :- ਖਿਆਲ ਗਾਇਕੀ ਦਾ ਦਿੱਲੀ ਘਰਾਣਾ ਸਭ ਤੋਂ ਪ੍ਰਾਚੀਨ ਹੈ। ਦਿੱਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ (1716 ਈ:) ਦੇ ਦਰਬਾਰ ਵਿੱਚ ਖਿਆਲ ਗਾਇਕੀ ਦਾ ਜਨਮ ਹੋਇਆ। ਉਹਨਾਂ ਦੀ ਸਭਾ ਵਿੱਚ ਸਦਾਰੰਗ ਅਤੇ ਅਦਾਰੰਗ ਪ੍ਰਸਿੱਧ ਖਿਆਲ ਗਾਇਕ ਸਨ ਅਤੇ ਖਿਆਲ ਗੀਤਾਂ ਦੇ ਨਿਰਮਾਤਾ ਵੀ ਸਨ। ਦਿੱਲੀ ਦੇ ਅੰਤਿਮ ਸਮਰਾਟ ਬਹਾਦਰ ਸ਼ਾਹ ਜ਼ਫ਼ਰ (1837 ਈ:) ਖਿਆਲ ਗਾਇਕੀ ਦੇ ਪੋਸ਼ਕ ਅਤੇ ਖਿਆਲ ਗੀਤਾਂ ਦੇ ਰਚੇਤਾ ਸਨ। ਉਨ੍ਹਾਂ ਨੇ 'ਸ਼ੋਖ ਰੰਗ' ਦੇ ਨਾਮ ਤੇ ਖਿਆਲ ਗੀਤਾਂ ਦੀ ਰਚਨਾ ਕੀਤੀ। ਇਨ੍ਹਾਂ ਦੇ ਗੁਰੂ ਅਚਪਲ (ਗੁਲਾਮ ਹੁਸੇਨ) ਦਿੱਲੀ ਘਰਾਣੇ ਦੇ ਸੰਸਥਾਪਕ ਮੰਨੇ ਜਾਂਦੇ ਹਨ। ਮੀਆਂ ਅਚਪਲ ਦੇ ਸ਼ਿਸ਼ ਤਾਨਰਸ ਖਾਂ ਦਿੱਲੀ ਘਰਾਣੇ ਦੇ ਸਰਵਸ਼੍ਰੇਸ਼ਠ ਕਲਾਕਾਰ ਸਨ। ਇਨ੍ਹਾਂ ਨੂੰ ਤਾਨਰਸ ਖਾਂ ਦੀ ਉਪਾਧੀ ਬਾਦਸ਼ਾਹ ਨੇ ਦਿੱਤੀ। ਕੁਝ ਸਾਲ ਦਿੱਲੀ ਦਰਬਾਰ ਵਿੱਚ ਰਹਿਣ ਦੇ ਬਾਅਦ ਤਾਨਰਸ ਖਾਂ ਗਵਾਲੀਅਰ ਦੇ ਦਰਬਾਰ ਵਿੱਚ ਚਲੇ ਗਏ। ਉੱਥੇ ਇਨ੍ਹਾਂ ਨੂੰ ਗਵਾਲੀਅਰ ਤੋਂ ਉਹ ਹੈਦਰਾਬਾਦ ਚਲੇ ਗਏ ਅਤੇ ਅੰਤ ਤੱਕ ਉੱਥੇ ਰਹੇ। ਤਾਨਰਸ ਖਾਂ ਦੇ ਸ਼ਿਸ਼ਾਂ ਵਿੱਚ ਅਬਦੁੱਲਾ ਖਾਂ, ਅਲੀ ਬਖਸ਼ ਤੇ ਫਤਹਿ ਅਲੀ (ਪਟਿਆਲਾ ਘਰਾਣਾ), ਮਹਿਬੂਬ ਖਾਂ ਆਦਿ ਦੇ ਨਾਮ ਪ੍ਰਸਿੱਧ ਹਨ।

ਤਾਨਰਸ ਖਾਂ ਦੇ ਪੁੱਤਰ ਉਮਰਾਵ ਖਾਂ ਸਨ ਅਤੇ ਇਹ ਹੈਦਰਾਬਾਦ ਵਿੱਚ ਨਿਯੁਕਤ ਰਹੇ ਉਮਰਾਵ ਖਾਂ ਦੇ ਪੁੱਤਰ ਸਰਦਾਰ ਖਾਂ ਵੀ ਇੱਕ ਪ੍ਰਸਿੱਧ ਗਾਇਕ ਸਨ।

ਦਿੱਲੀ ਘਰਾਣੇ ਦੇ ਜੋ ਕਲਾਕਾਰ ਦਿੱਲੀ ਵਿੱਚ ਹੀ ਰਹੇ, ਉਨ੍ਹਾਂ ਵਿੱਚ ਮੀਆਂ ਐਲਾਬਖਸ਼ ਅਤੇ ਉਨ੍ਹਾਂ ਦੇ ਦੇ ਭਰਾ ਉਮਰ ਖਾਂ, ਨੰਨ੍ਹੇ ਖਾਂ, ਸੰਮਨ ਖਾਂ, ਮੰਮੜ ਖਾਂ ਅਤੇ ਪ੍ਰਸਿੱਧ ਸਾਰੰਗੀ ਵਾਦਕ ਸਵ. ਬੁੰਦੂ ਖਾਂ ਦੇ ਨਾਮ ਪ੍ਰਸਿੱਧ ਹਨ। ਮੰਮਨ ਖਾਂ ਦੇ ਵੱਡੇ ਪੁੱਤਰ ਚਾਂਦ ਖਾਂ ਇੱਕ ਪ੍ਰਸਿੱਧ ਗਾਇਕ ਸਨ ਅਤੇ ਉਹ ਆਕਾਸ਼ਵਾਣੀ ਵਿੱਚ ਨਿਯੁਕਤ ਸਨ। ਮੰਮਨ ਖਾਂ ਦੇ ਛੋਟੇ ਭਰਾ ਉਸਮਾਨ ਖਾਂ ਵੀ ਇੱਕ ਗੁਣੀ ਸੰਗੀਤੱਗ ਸਨ।

ਇਸ ਘਰਾਣੇ ਦੇ ਕਲਾਕਾਰਾਂ ਵਿੱਚ ਅਲਤਾਫ਼ ਹੁਸੈਨ, ਅਮੀਰ ਹੁਸੈਨ, ਗੱਜਾ ਸਿੰਘ, ਮਸਤਾਨ ਸਿੰਘ (ਪਟਿਆਲਾ) ਦੇ ਨਾਮ ਪ੍ਰਸਿੱਧ ਹਨ।

ਦਿੱਲੀ ਘਰਾਣੇ ਦੀਆਂ ਵਿਸ਼ੇਸ਼ਤਾਵਾਂ :- ਇਸ ਘਰਾਣੇ ਦੀ ਆਪਣੀ ਹੀ ਗਾਇਕੀ ਹੈ। ਇਸ ਦੀਆਂ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ :-

1. ਗਾਇਨ ਵਿੱਚ ਸਵਰਾਂ ਦਾ ਸੁੰਦਰ ਮੇਲ ਬਣਾ ਕੇ ਕਲਾਤਮਕ ਪ੍ਰਦਰਸ਼ਨ ਕੀਤਾ ਜਾਂਦਾ ਹੈ।

2. ਇਸ ਦੀਆਂ ਵਿਲੰਬਿਤ ਲੈਅ ਦੀਆਂ ਚੀਜਾਂ ਵਿੱਚ ਸੂਤ ਮੀਂਡ, ਗਮਕ ਦਾ ਕੰਮ ਵਿਸ਼ੇਸ਼ ਰੂਪ ਵਿੱਚ ਦਿਖਾਈ ਦਿੰਦਾ ਹੈ।

3.	ਇਸ ਘਰਾਣੇ ਦੀਆਂ ਤਾਨਾਂ ਕਠਿਨ ਤੇ ਜਟਿਲ ਹੁੰਦੀਆਂ ਹਨ। ਇਨ੍ਹਾਂ ਦੇ ਨਾਮ ਵਿੱਚਿੱਤਰ ਹੁੰਦੇ ਹਨ ਜਿਵੇਂ ਸਵਾਲ ਜਵਾਬ ਦੀ ਤਾਨ, ਉੜਾਨ ਦੀ ਤਾਨ, ਝੂਲੇ ਦਾ ਤਾਨ, ਕੁਲਫ਼ੀਦਾਰ ਤਾਨ ਆਦਿ।

4.	ਇਸ ਘਰਾਣੇ ਵਿੱਚ ਖਿਆਲ ਦੀ ਲੈਅ ਦੇ ਅਨੁਕੂਲ ਤਾਲਾਂ ਦੀ ਚੋਣ ਕੀਤੀ ਜਾਂਦੀ ਹੈ, ਜਿਵੇਂ ਵਿਲੰਬਿਤ ਲੈਅ ਦੇ ਖਿਆਲ ਲਈ ਤਿਲਵਾੜਾ, ਝੂਮਰਾ ਸਵਾਰੀ ਤਾਲ, ਮੱਧ ਲੈਅ ਵਾਲੇ ਖਿਆਲ ਲਈ ਆੜਾ ਚੌਤਾਲ੍ਹ ਫਰੋਦਰਸਤ ਤਾਲ, ਦਰੁੱਤ ਲੈਅ ਲਈ ਏਕਤਾਲ, ਰੂਪਕ ਤਾਲ ਆਦਿ ਤਾਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।

5.	ਇਸ ਘਰਾਣੇ ਵਿੱਚ ਸੁਰਬਹਾਰ ਅਤੇ ਸਾਰੰਗੀ ਵਰਗੇ ਤੰਤੀ ਸਾਜ਼ਾਂ ਦਾ ਪ੍ਰਚਲਨ ਵਧੇਰੇ ਰਿਹਾ ਹੈ।

6.	ਇਸ ਘਰਾਣੇ ਵਿੱਚ ਖਿਆਲਾਂ ਦੀਆਂ ਬੰਦਿਸ਼ਾਂ ਕਲਾਤਮਕ ਹੁੰਦੀਆਂ ਹਨ ਤੇ ਉਨ੍ਹਾਂ ਦੇ ਵਿਸ਼ੇਸ਼ ਨਾਲ ਹੁੰਦੇ ਹਨ, ਜਿਵੇਂ ਪਾਲਕੀ ਦੇ ਖਿਆਲ, ਸਵਾਰੀ ਦੇ ਖਿਆਲ ਆਦਿ।

ਵਰਤਮਾਨ ਸਮੇਂ ਵਿੱਚ ਇਸ ਘਰਾਣੇ ਦੇ ਸਰਵ ਸ਼੍ਰੇਸ਼ਠ ਕਲਾਕਾਰ ਉਸਮਾਨ ਖਾਂ ਮੰਨੇ ਜਾਂਦੇ ਹਨ।

<u>ਪਟਿਆਲਾ ਘਰਾਣਾ :-</u> ਭਾਰਤੀ ਸੰਗੀਤ ਦੀ ਪਰੰਪਰਾ ਵਿੱਚ ਪਟਿਆਲੇ ਘਰਾਣੇ ਦਾ ਵਿਸ਼ੇਸ਼ ਸਥਾਨ ਹੈ। ਪਟਿਆਲਾ ਘਰਾਣੇ ਦਾ ਆਰੰਭ ਮੀਆਂ ਕਾਲੂ ਤੋਂ ਮੰਨਿਆ ਜਾਂਦਾ ਹੈ। ਮੀਆਂ ਕਾਲੂ ਨੇ ਸੰਗੀਤ ਦੀ ਸਿੱਖਿਆ ਦਿੱਲੀ ਦੇ ਤਾਨਰਸ ਖਾਂ ਤੋਂ ਪ੍ਰਾਪਤ ਕੀਤੀ। ਆਪ ਭਾਈ ਮਰਦਾਨਾ ਜੀ ਦੇ ਖਾਨਦਾਨ ਵਿੱਚੋਂ ਸਨ। ਮੀਆਂ ਕਾਲੂ ਇੱਕ ਪ੍ਰਸਿੱਧ ਸਾਰੰਗੀ ਵਾਦਕ ਸਨ ਅਤੇ ਗਾਇਕਾ ਗੋਖੀ ਬਾਈ ਨਾਲ ਸਾਰੰਗੀ ਵਜਾਇਆ ਕਰਦੇ ਸਨ। ਆਪ ਨੇ ਜੈਪੁਰ ਘਰਾਣੇ ਦੇ ਉਸਤਾਦ ਬਹਿਰਾਮ ਖਾਂ, ਉ. ਮੁਬਾਰਕ ਅਲੀ ਅਤੇ ਹੱਦੂ ਖਾਂ ਤੋਂ ਵੀ ਗਾਇਨ ਦੀ ਸਿੱਖਿਆ ਪ੍ਰਾਪਤ ਕੀਤੀ। ਮੀਆਂ ਕਾਲੂ ਨੇ ਵੱਖ - 2 ਘਰਾਣਿਆਂ ਦੀ ਗਾਇਨ ਸਿੱਖਿਆ ਦੁਆਰਾ ਇੱਕ ਨਵੇਂ ਘਰਾਣੇ ਦੀ ਗਾਇਕੀ ਦੀ ਸਿਰਜਣਾ ਕੀਤੀ, ਜਿਸਨੂੰ ਪਟਿਆਲੇ ਘਰਾਣੇ ਦੀ ਗਾਇਕੀ ਕਿਹਾ ਜਾਂਦਾ ਹੈ।

ਮੀਆਂ ਕਾਲੂ ਦੇ ਦੋ ਪੁੱਤਰ ਸਨ - ਅਲੀ ਬਖਸ਼ ਅਤੇ ਨਬੀ ਬਖਸ਼। ਮੀਆਂ ਕਾਲੂ ਦੇ ਸ਼ਿਸ਼ਾਂ ਵਿੱਚ ਫਤਹਿ ਅਲੀ ਦਾ ਨਾਂ ਪ੍ਰਸਿੱਧ ਹੈ। ਅਲੀ ਬਖਸ਼ ਅਤੇ ਫਤਹਿ ਅਲੀ ਦੋਵੇਂ ਮਿੱਤਰ ਸਨ ਅਤੇ ਇਕੱਠੇ ਹੀ ਜੋੜੀ ਦੇ ਰੂਪ ਵਿੱਚ ਗਾਇਆ ਕਰਦੇ ਸਨ। ਇਨ੍ਹਾਂ ਦੀ ਜੋੜੀ ਅਲੀਆ - ਫੱਤੂ ਦੇ ਨਾਮ ਨਾਲ ਪ੍ਰਸਿੱਧ ਸੀ। ਮੀਆਂ ਕਾਲੂ ਨੇ ਆਪਣੇ ਪੁੱਤਰਾਂ ਅਤੇ ਸ਼ਿਸ਼ ਫਤਹਿ ਅਲੀ ਨੂੰ ਵੱਖ - 2 ਸ਼ੈਲੀਆਂ ਦੀ ਸਿੱਖਿਆ ਦੇਣ ਦੇ ਨਾਲ - 2 ਪਟਿਆਲਾ ਘਰਾਣੇ ਦੀ ਗਾਇਕੀ ਵੀ ਸਿਖਾਈ।

ਲੋਕਾਂ ਵਿੱਚ ਇਹ ਪ੍ਰਸਿੱਧ ਸੀ ਕਿ ਅਲੀਆ ਫੱਤੂ ਨੂੰ ਗਾਇਨ ਦੀ ਸਿੱਖਿਆ ਗੋਖੀ ਬਾਈ ਤੋਂ ਪ੍ਰਾਪਤ ਹੋਈ ਹੈ। ਇਸ ਕਾਰਨ ਸੰਗੀਤ ਜਗਤ ਵਿੱਚ ਉਨ੍ਹਾਂ ਨੂੰ ਬਾਈ ਤੋਂ ਸਿੱਖਿਆ ਪ੍ਰਾਪਤ ਕਰਨ ਕਰਕੇ ਘਟੀਆ ਸਮਝਿਆ ਜਾਂਦਾ ਸੀ।

ਇਸ ਤੋਂ ਬਾਅਦ ਅਲੀਆ - ਫੱਤੂ ਬੜੇ ਗੁਲਾਮ ਅਲੀ ਖਾਂ ਨੇ ਇਸ ਘਰਾਣੇ ਦਾ ਨਾਮ ਰੋਸ਼ਨ ਕੀਤਾ। ਆਪ ਨੂੰ ਖਿਆਲ ਗਾਇਨ ਦੇ ਨਾਲ - 2 ਠੁਮਰੀ ਗਾਇਨ ਵਿੱਚ ਵੀ ਮੁਹਾਰਤ ਹਾਸਿਲ ਸੀ। ਆਪ ਦੇ ਸ਼ਿਸ਼ਾਂ ਵਿੱਚ ਆਪ ਦੇ ਪੁੱਤਰ ਮੁਨੱਵਰ ਅਲੀ, ਮੀਰਾ ਬੈਨਰਜੀ ਅਤੇ ਸੰਧਿਆ ਬੈਨਰਜੀ ਦੇ ਨਾਮ ਪ੍ਰਸਿੱਧ ਹਨ।

<u>ਪਟਿਆਲਾ ਘਰਾਣੇ ਦੀਆਂ ਵਿਸ਼ੇਸ਼ਤਾਵਾਂ :-</u> ਪਟਿਆਲਾ ਘਰਾਣੇ ਦੀ ਗਾਇਕੀ ਬਹੁਤ ਹੀ ਅਸਰ ਭਰਪੂਰ ਹੈ। ਇਸ ਘਰਾਣੇ ਦੇ ਕਲਾਕਾਰਾਂ ਦੀ ਤਾਨ ਦੀ ਧਾਂਕ ਬਾਰੇ ਭਾਰਤ ਵਿੱਚ ਜੰਮੀ ਹੋਈ ਸੀ। ਜਦੋਂ ਅਲੀਬਖਸ਼ ਦਰਬਾਰ ਵਿੱਚ ਰਾਗ ਦਰਬਾਰੀ ਗਾਉਂਦੇ ਸਨ ਤਾਂ ਅਜਿਹਾ ਲੱਗਦਾ ਸੀ ਕਿ ਜਿਵੇਂ ਸਾਰੀ ਵਨਸਪਤੀ ਹੀ ਦਰਬਾਰੀ ਬਣ ਗਈ ਹੋਵੇ। ਇਸ

ਘਰਾਣੇ ਦੀਆਂ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ।

1. ਇਸ ਘਰਾਣੇ ਦੀ ਗਾਇਕੀ ਕਲਾਤਮਕਤਾ ਅਤੇ ਭਾਵਤਮਕਤਾ ਦਾ ਸੁਮੇਲ ਹੈ, ਜਿਸ ਵਿੱਚ ਰਾਗ ਦੇ ਸਰੂਪ ਨੂੰ ਕਾਇਮ ਰੱਖਦੇ ਹਨ।
2. ਇਸ ਘਰਾਣੇ ਦੀ ਗਾਇਕੀ ਵਿੱਚ ਅਲੰਕਾਰਿਕ ਵਕਰ ਤਾਨਾਂ ਅਤੇ ਫਿਰਤ ਦੀਆਂ ਤਾਨਾਂ ਦਾ ਪ੍ਰਯੋਗ ਬਹੁਤ ਕੀਤਾ ਜਾਂਦਾ ਹੈ।
3. ਇਸ ਘਰਾਣੇ ਦੇ ਖਿਆਲਾਂ ਦੀ ਰਚਨਾ ਸੰਖੇਪ ਹੁੰਦੀ ਹੈ।
4. ਇਸ ਘਰਾਣੇ ਵਿੱਚ ਮੁਰਕੀ ਅਤੇ ਖਟਕੇ ਦਾ ਪ੍ਰਯੋਗ ਬਹੁਤ ਕੀਤਾ ਜਾਂਦਾ ਹੈ।
5. ਪੰਜਾਬ ਅੰਗ ਦੀ ਠੁਮਰੀ ਦਾ ਪ੍ਰਚਾਰ ਪਟਿਆਲਾ ਘਰਾਣੇ ਨੇ ਹੀ ਕੀਤਾ।
6. ਪਟਿਆਲਾ ਘਰਾਣੇ ਦੀ ਗਾਇਕੀ ਵਿੱਚ ਟਿਕਾਅ ਅਤੇ ਚੰਚਲਤਾ ਦੋਵੇਂ ਹਨ।

ਸਮੁੱਚੇ ਤੌਰ ਤੇ ਇਹ ਕਹਿ ਸਕਦੇ ਹਾਂ ਕਿ ਪਟਿਆਲਾ ਘਰਾਣੇ ਦੀ ਗਾਇਕੀ ਪੰਜਾਬ ਦੀ ਗਾਇਕੀ ਦੀ ਪ੍ਰਤਿਨਿਧਤਾ ਕਰਦੀ ਹੈ ਅਤੇ ਇਹ ਪੰਜਾਬ ਦੇ ਸੰਗੀਤ ਦੀ ਪਹਿਚਾਣ ਬਣ ਕੇ ਰਹਿ ਗਈ ਹੈ। ਨੇ ਜੈਪੁਰ ਘਰਾਣੇ ਦੇ ਮਹਾਨ ਕਲਾਕਾਰ ਮੁਬਾਰਕ ਅਲੀ ਅਤੇ ਦਿੱਲੀ ਦੇ ਨਾਰਸ ਖਾਂ ਤੋਂ ਸੰਗੀਤ ਸਿੱਖਿਆ ਪ੍ਰਾਪਤ ਕੀਤੀ। ਇਸ ਉਪਰੰਤ ਗਵਾਲੀਅਰ ਘਰਾਣੇ ਦੇ ਹੱਦੂ ਖਾਂ ਤੋਂ ਸਿੱਖਿਆ ਪ੍ਰਾਪਤ ਕੀਤੀ ਅਤੇ ਇਸ ਘਰਾਣੇ ਦੀਆਂ ਬਰੀਕਿਆਂ ਨੂੰ ਸਿੱਖਿਆ।

ਅਲੀਆ ਅਤੇ ਫੱਤੂ ਨੇ ਘਰਾਣੇਦਾਰ ਕਲਾਕਾਰਾਂ ਤੋਂ ਸਿੱਖਿਆ ਪ੍ਰਾਪਤ ਕਰਕੇ ਪਟਿਆਲਾ ਘਰਾਣੇ ਦੀ ਗਾਇਕੀ ਨੂੰ ਸਮਰਿੱਧ ਬਣਾਇਆ। ਫਿਰ ਆਪਣੇ ਸਮੇਂ ਦੇ ਪ੍ਰਸਿੱਧ ਕਲਾਕਾਰ ਮੰਨੇ ਜਾਂਦੇ ਸਨ। ਮਹਾਰਾਜਾ ਟੌਂਕ ਨੇ ਅਲੀਬਖਸ਼ ਨੂੰ ਜਰਨੈਲ ਅਤੇ ਫਤਹਿ ਅਲੀ ਨੂੰ ਕਰਨੈਲ ਦੀ ਉਪਾਧੀ ਪ੍ਰਦਾਨ ਕੀਤੀ। ਇਸ ਜੋੜੀ ਦੇ ਗਾਉਣ ਤੋਂ ਬਾਅਦ ਕੋਈ ਕਲਾਕਾਰ ਗਾਉਣ ਦਾ ਹੌਂਸਲਾ ਨਹੀਂ ਸੀ ਕਰਦਾ।

ਜਰਨੈਲ ਅਲੀ ਬਖਸ਼ ਦੇ ਪੁੱਤਰ ਉਸਤਾਦ ਅਖਤਰ ਹੁਸੈਨ ਸਨ। ਅਖ਼ਤਰ ਹੁਸੈਨ ਖਾਂ ਪੰਜਾਬ ਦੇ ਬਟਵਾਰੇ ਤੋਂ ਪਹਿਲਾਂ ਮਹਾਰਾਜਾ ਯਾਦਵਿੰਦਰ ਸਿੰਘ ਪਟਿਆਲੇ ਦੇ ਦਰਸਾਰ ਵਿੱਚ ਗਾਇਕ ਵੀ ਰਹੇ।

ਅਲੀ ਬਖਸ਼ ਦੇ ਛੋਟੇ ਭਰਾ ਨਬੀ ਬਖਸ਼ ਵੀ ਖਿਆਲ ਗਾਇਕ ਸਨ। ਉਨ੍ਹਾਂ ਨੇ ਪੁੱਤਰ ਮੀਆਂ ਜਾਨ ਅਤੇ ਅਹਿਮਦ ਜਾਨ ਤੇ ਪਟਿਆਲਾ ਘਰਾਣੇ ਦੀ ਗਾਇਕੀ ਨੂੰ ਅੱਗੇ ਵਧਾਇਆ। ਅਹਿਮਦ ਜਾਨ ਦੇ ਪੁੱਤਰ ਬਾਕਰ ਹੁਸੈਨ ਨੇ ਮਲੇਰਕੋਟਲਾ ਵਿਖੇ ਰਹਿ ਕੇ ਇਸ ਘਰਾਣੇ ਦੀ ਗਾਇਕੀ ਨੂੰ ਅੱਗੇ ਵਧਾਇਆ।

ਫਤਹਿ ਅਲੀ ਦੇ ਪੁੱਤਰ ਆਸ਼ਿਕ ਅਲੀ ਨੇ ਆਪਣੇ ਪਿਤਾ ਦੀ ਦਿੱਤੀ ਸਿੱਖਿਆ ਅਨੁਸਾਰ ਪਟਿਆਲਾ ਘਰਾਣੇ ਦੀ ਗਾਇਕੀ ਨੂੰ ਨਵਾਂ ਮੋੜ ਦਿੱਤਾ। ਆਸ਼ਕ ਅਲੀ ਖਾਂ ਨੇ ਪੰਜਾਬ ਅੰਗ ਦੀ ਠੁਮਰੀ ਦਾ ਨਿਰਮਾਣ ਕੀਤਾ। ਆਸ਼ਕ ਅਲੀ ਖਾਂ ਦੇ ਸ਼ਾਗਿਰਦਾਂ ਵਿੱਚ ਬੜੇ ਗੁਲਾਮ ਅਲੀ ਖਾਂ ਦਾ ਨਾਮ ਪ੍ਰਸਿੱਧ ਹੋਇਆ।

## ਪਾਠ - ਅਭਿਆਸ

### ਵਸਤੂਨਿਸ਼ਠ ਪ੍ਰਸ਼ਨ

1. 'ਘਰਾਣਾ' ਸ਼ਬਦ ਤੋਂ ਕੀ ਭਾਵ ਹੈ ?

2 ਦਿੱਲੀ ਘਰਾਣੇ ਦੇ ਸੰਸਥਾਪਕ ਦਾ ਨਾਂ ਦੱਸੋ ?

3. ਪਟਿਆਲਾ ਘਰਾਣੇ ਦਾ ਆਰੰਭ ਕਿਸਨੇ ਕੀਤਾ ?

4. ਦਿੱਲੀ ਘਰਾਣੇ ਦੀਆਂ ਦੋ ਵਿਸ਼ੇਸ਼ਤਾਵਾਂ ਦੱਸੋ ?

5. ਪਟਿਆਲਾ ਘਰਾਣੇ ਦੀਆਂ ਦੋ ਵਿਸ਼ੇਸ਼ਤਾਵਾਂ ਦੱਸੋ ?

6. ਦਿੱਲੀ ਘਰਾਣੇ ਦੇ ਦੋ ਗਾਇਕਾਂ ਦੇ ਨਾ ਦੱਸੋ ?

7. ਪਟਿਆਲਾ ਘਰਾਣੇ ਦੇ ਦੋ ਗਾਇਕਾਂ ਦੇ ਨਾਂ ਦੱਸੋ ?

## ਅਧਿਆਪਕ ਲਈ

| |
|---|
| ਅਧਿਆਪਕ ਵਿਦਿਆਰਥੀਆਂ ਤੋਂ ਘਰਾਣਿਆਂ ਦੀ ਬੰਸ਼ਾਵਲੀ ਦੇ ਚਾਰਟ ਬਣਵਾਉਣਗੇ। |

## ਪਾਠ - 5

## ਭਾਰਤੀ ਸੰਗੀਤ ਵਿੱਚ ਸਾਜਾ (ਵਾਦਾਂ) ਦਾ ਵਰਗੀਕਰਣ :- ਤੱਤ ਵਾਦ, ਸ਼ੁਸ਼ਿਰ ਵਾਦ, ਅਵਨੱਧ ਵਾਦ, ਘਨ ਵਾਦ

ਭਾਰਤੀ ਸੰਗੀਤ ਵਿੱਚ ਵਜਾਏ ਜਾਣ ਵਾਲੇ ਯੰਤਰ ਨੂੰ ਵਾਦ ਜਾਂ ਸਾਜ ਕਹਿੰਦੇ ਹਨ। ਸੰਗੀਤ ਵਿੱਚ ਵਜਣ ਵਾਲੇ ਸਾਰੇ ਸਾਜ ਤਾਲ ਦੇਣ ਲਈ ਵਰਤੇ ਜਾਂਦੇ ਹਨ। ਪ੍ਰੰਤੂ ਕੁਝ ਸਾਜ ਇਸ ਤਰ੍ਹਾਂ ਦੇ ਹਨ ਜਿਨ੍ਹਾਂ ਦੀਆਂ ਤਾਰਾਂ ਨੂੰ ਜਿਨਾਂ ਸਵਰਾਂ ਵਿੱਚ ਮਿਲਾਇਆ ਜਾਂਦਾ ਹੈ ਅਤੇ ਉਹ ਸਾਜ਼ ਉਹਨਾਂ ਸਵਰਾਂ ਵਿੱਚ ਹੀ ਗੂੰਜਦੇ ਹਨ। ਜਿਵੇਂ ਤਾਨਪੁਰਾ, ਸਵਰਮੰਡਲ, ਆਦਿ ਕੁਝ ਸਾਜ ਐਸੇ ਵੀ ਹਨ ਜਿਹੜੇ ਕੇਵਲ ਲੈਅ ਹੀ ਦਿਖਾਂਦੇ ਹਨ ਜਿਵੇਂ ਖੜਤਾਲ, ਚਿਮਟਾ, ਮਜੀਰਾ ਆਦਿ। ਇਹਨਾਂ ਸਾਜਾਂ ਦੇ ਪ੍ਰਯੋਗ ਦੇ ਅਧਾਰ ਤੇ ਹੀ ਭਾਰਤੀ ਵਾਦਾਂ ਦਾ ਵਰਗੀਕਰਣ ਚਾਰ ਭਾਗਾਂ ਵਿੱਚ ਕੀਤਾ ਗਿਆ ਹੈ।

(1) ਤੱਤ ਵਾਦ

(2) ਸ਼ੁਸ਼ਿਰ ਵਾਦ

(3) ਅਵਨਧ ਵਾਦ

(4) ਘਨ ਵਾਦ

1. ਤੱਤ ਵਾਦ :- ਜਿਹਨਾਂ ਵਾਦਾਂ ਤੇ ਤਾਰ ਚੜਾਏ ਜਾਂਦੇ ਹਨ ਉਨ੍ਹਾਂ ਵਾਦਾਂ ਨੂੰ ਉਹਨਾਂ ਦੀਆਂ ਤਾਰਾਂ ਤੇ ਰਗੜ। ਪ੍ਰਹਾਰ ਜਾਂ ਅਘਾਤ ਦੇ ਦੁਆਰਾ ਧੁਨੀ ਪੈਦਾ ਕੀਤੀ ਜਾਂਦੀ ਹੈ ਜਿਵੇਂ ਸਿਤਾਰ ਸਰੋਦ ਆਦਿ ਹਨ। ਕੁਝ ਵਾਦ ਇਸ ਪ੍ਰਕਾਰ ਦੇ ਹਨ ਜਿਹਨਾਂ ਤੇ ਚੜਾਏ ਹੋਏ ਤਾਰਾਂ ਨੂੰ ਰਾਗ ਅਨੁਸਾਰ ਵਾਦਾਂ ਵਿੱਚ ਮਿਲਾਇਆ ਜਾਂਦਾ ਹੈ। ਉਸਦੇ ਬਾਅਦ ਉਹਨਾਂ ਤਾਰਾਂ ਤੇ ਕਿਸੇ ਚੀਜ ਦੁਆਰਾ ਅਘਾਤ ਕਰਕੇ ਭਿੰਨ - ਭਿੰਨ ਸਵਰ ਵਜਾਏ ਜਾਂਦੇ ਹਨ। ਜਿਵੇਂ ਸੰਤੂਰ, ਸਵਰਮੰਡਲ, ਤਾਨਪੁਰਾ, ਆਦਿ ਤੱਤ ਵਾਦਾਂ ਨੂੰ ਵੀ ਅੱਗੇ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ।

(1) ਤੱਤ ਵਾਦ :- ਉਹ ਵਾਦ ਜਿਹਨਾਂ ਦੀਆਂ ਤਾਰਾਂ ਤੇ ਇਸੇ ਵਸਤੂ ਦੁਆਰਾ ਅਘਾਤ ਜਾਂ ਪ੍ਰਹਾਰ ਕਰਕੇ ਧੁਨੀ ਪੈਦਾ ਕੀਤੀ ਜਾਂਦੀ ਹੈ। ਉਹ ਤੱਤ ਵਾਦ ਕਹਾਉਂਦੇ ਹਨ। ਜਿਵੇਂ - ਸਿਤਾਰ, ਸਰੋਦ, ਬੈਂਜੋ ਆਦਿ।

(2) ਵਿੱਤਤ ਵਾਦ :- ਇਹ ਐਸੇ ਵਾਦ ਹਨ ਜਿਨਾਂ ਦੀਆਂ ਤਾਰਾਂ ਨੂੰ ਕਿਸੇ ਹੋਰ ਵਸਤੂ ਦੁਆਰਾ ਰਗੜ ਕੇ ਧੁਨੀ ਪੈਦਾ ਕੀਤੀ ਜਾਂਦੀ ਹੈ ਜਿਵੇਂ - ਸਾਰੰਗੀ, ਦਿਲਰੂਬਾ ਆਦਿ।

2. ਸ਼ੁਸ਼ਿਰ ਵਾਦ :- ਜਿਹਨਾਂ ਵਾਦਾਂ ਵਿਚ ਹਵਾ ਭਰ ਕੇ ਜਾਂ ਫੂਕ ਮਾਰ ਕੇ ਸਬਰ ਨਿਕਲੇ ਜਾਂਦੇ ਹਨ। ਉਹਨਾਂ ਨੂੰ ਸ਼ੁਸ਼ਿਰ ਵਾਦ ਕਹਿੰਦੇ ਹਨ। ਜਿਵੇਂ - ਸ਼ਹਿਨਾਈ, ਬਾਂਸੁਰੀ ਇਹ ਵਾਦ ਵੀ ਦੋ ਪ੍ਰਕਾਰ ਦੇ ਹਨ।

(1) ਉਹੇ ਵਾਦ ਜਿਹਨਾਂ ਵਿੱਚ ਹਵਾ ਭਰਕੇ ਜਾਂ ਫੂਕ ਮਾਰਕੇ ਸਵਰਾਂ ਦੀ ਉਤਪਤੀ ਕੀਤੀ ਜਾਂਦੀ ਹੈ ਜਿਵੇਂ ਬਾਂਸੁਰੀ, ਸ਼ਹਿਨਾਈ ਆਦਿ।

(2) ਉਹੇ ਵਾਦ ਜਿਹਨਾਂ ਵਿੱਚ ਹਵਾ ਧੋਕਣੀ ਜਾਂ ਪੱਖੇ ਦੁਆਰਾ ਹਵਾ ਭਰ ਕੇ ਸਵਰਾਂ ਦੀ ਉਤਪਤੀ ਕੀਤੀ

ਜਾਂਦੀ ਹੈ ਜਿਵੇਂ ਹਰਮੋਨਿਆ, ਪਿਆਨੋ ਆਦਿ।

3. ਅਨਵਦ ਵਾਦ :- ਜਿਹਨਾਂ ਵਾਦਾਂ ਦੇ ਮੂੰਹ ਤੇ ਚਮੜੀ ਮੜਿਆ ਹੁੰਦਾ ਹੈ ਉਨ੍ਹਾਂ ਨੂੰ ਅਵਨਦ ਵਾਦ ਕਹਿੰਦੇ ਹਨ ਜਿਵੇਂ ਢੋਲਕੀ, ਤਬਲਾਂ, ਢੋਲ, ਪਖਾਵਜਾ ਮਿਦੰਗ ਆਦਿ। ਇਨ੍ਹਾਂ ਵਾਦਾਂ ਦਾ ਪ੍ਰਯੋਗ ਵੀ ਦੋ ਤਰ੍ਹਾਂ ਨਾਲ ਕੀਤਾ ਜਾਂਦਾ ਹੈ। ਇੱਕ ਗਾਇਕ ਜਾਂ ਵਾਦ ਦੀ ਸੰਗਤ ਕਰਨ ਲਈ ਇਹ ਵਾਦ ਬਜਾਏ ਜਾਂਦੇ ਹਨ। ਦੂਜਾ ਇਨ੍ਹਾਂ ਵਾਦਾਂ ਦਾ ਪ੍ਰਯੋਗ ਏਕਲ ਵਾਦਨ ਦੇ ਰੂਪ ਵਿੱਚ ਵੀ ਕੀਤਾ ਜਾਂਦਾ ਹੈ।

4. ਘਨ ਵਾਦ :- ਐਸੇ ਵਾਦ ਜਿਹਨਾਂ ਨੂੰ ਆਪਸੀ ਰਗੜ ਤੋਂ ਧੁਨੀ ਪੈਦਾ ਕੀਤੀ ਜਾਂਦੀ ਹੈ। ਉਹ ਘਨ ਵਾਦ ਕਹਾਉਂਦੇ ਹਨ। ਇਹ ਵਾਦ ਲੱਕੜੀ, ਲੋਹੇ ਪੱਥਰ ਤੋਂ ਬਣੇ ਹੁੰਦੇ ਹਨ। ਜਿਵੇਂ ਜਲਤਰੰਗ, ਨਲ ਤਰੰਗ, ਮਜੀਰਾ, ਆਦਿ।

ਘਨ ਵਾਦ ਦੋ ਤਰ੍ਹਾਂ ਦੇ ਹੁੰਦੇ ਹਨ।

(1) ਭਿੰਨ - ਭਿੰਨ ਵਸਤੂਆਂ ਤੋਂ ਬਣੇ ਹੋਏ ਵਾਦ ਜਿਹਨਾਂ ਤੇ ਤਾਲਬੱਧ ਸੰਗੀਤਕ ਧੁਨਾਂ ਵਜਾਈਆਂ ਜਾਂਦੀਆਂ ਹਨ ਜਿਵੇਂ ਜਲਤਰੰਗ, ਨਲਤਰੰਗ, ਕਾਸਤਰੰਗ ਆਦਿ।

(2) ਕੁਝ ਘਨਵਾਦ ਐਸੇ ਹਨ ਜਿਹਨਾਂ ਦਾ ਪ੍ਰਯੋਗ ਕੇਵਲ ਲੈਅ ਦੇਣ ਲਈ ਕੀਤਾ ਜਾਂਦਾ ਹੈ ਜਿਵੇਂ :- ਘੜਤਾਲ, ਮਜੀਰਾ, ਚਿਮਟਾ ਆਦਿ।

## ਪਾਠ - ਅਭਿਆਸ

### ਵਸਤੂਨਿਸ਼ਠ ਪ੍ਰਸ਼ਨ

1. ਭਾਰਤੀ ਸੰਗੀਤ ਦੇ ਸਾਜਾਂ ਦਾ ਵਰਗੀਕਰਣ ਕਿੰਨੇ ਭਾਗਾਂ ਵਿੱਚ ਕੀਤਾ ਗਿਆ ਹੈ ?
2. ਦੋ ਤੱਤ ਸਾਜਾਂ ਦੇ ਨਾਂ ਦੱਸੋ ?
3. ਹਰਮੋਨੀਅਮ ਅਤੇ ਬੰਸਰੀ ਕਿਹੜੇ ਵਰਗ ਵਿੱਚ ਆਉਂਦੇ ਹਨ ?
4. ਚਮੜੇ ਨਾਲ ਮੜ੍ਹੇ ਹੋਏ ਸਾਜਾਂ ਨੂੰ ਕੀ ਕਹਿੰਦੇ ਹਨ ?
5. ਦੋ ਘਨਵਾਦਾਂ ਦੇ ਨਾਂ ਦੱਸੋ ?
6. ਚਿਮਟਾ ਅਤੇ ਖੜਤਾਲ ਕਿਸ ਵਾਦਯ ਸ਼੍ਰੇਣੀ ਵਿੱਚ ਆਉਂਦੇ ਹਨ ?

### ਅਧਿਆਪਕ ਲਈ

ਵਿਦਿਆਰਥੀਆਂ ਤੋਂ ਸਾਜਾਂ ਦੇ ਵਰਗੀਕਰਣ ਦਾ ਚਾਰਟ ਬਣਾਇਆ ਜਾਵੇ।

# ਪਾਠ - 6

## ਮੇਰਾ ਮਨਭਾਉਂਦਾ ਵਿਸ਼ਾ - ਸੰਗੀਤ

ਅੱਜ ਦੀਪਿਕਾ ਦਾ ਗਿਆਰ੍ਹਵੀਂ ਜਮਾਤ ਵਿੱਚ ਪਹਿਲਾ ਦਿਨ ਸੀ। ਉਸਦੇ ਮਨ ਵਿੱਚ ਇਸ ਬਾਰੇ ਬਹੁਤ ਜ਼ਿਆਦਾ ਉਤਸ਼ਾਹ ਸੀ। ਹੁਣ ਉਸਨੇ ਸਾਰੇ ਵਿਸ਼ੇ ਆਪਣੀ ਪਸੰਦ ਦੇ ਰੱਖੇ ਸਨ। ਸਭ ਤੋਂ ਵੱਧ ਚਾਅ ਉਸਨੂੰ ਸੰਗੀਤ ਦੇ ਵਿਸ਼ੇ ਦੀ ਜਮਾਤ ਲਗਾਉਣ ਦਾ ਚੜ੍ਹਿਆ ਹੋਇਆ ਸੀ। ਹਾਈ ਸਕੂਲ ਵਿੱਚ ਸੰਗੀਤ ਦਾ ਵਿਸ਼ਾ ਨਾ ਹੋਣ ਕਾਰਨ ਉਸਦੀ ਸੰਗੀਤ ਵਿਸ਼ਾ ਲੈਣ ਦੀ ਇੱਛਾ ਪਹਿਲੀ ਵਾਰ ਪੂਰੀ ਹੋਈ ਸੀ।

ਸਕੂਲ ਵਿੱਚ ਤੀਜਾ ਪੀਰੀਅਡ ਸੰਗੀਤ ਵਿਸ਼ੇ ਦਾ ਸੀ। ਦੀਪਿਕਾ ਤੀਜਾ ਪੀਰੀਅਡ ਲਗਾਉਣ ਲਈ ਸੰਗੀਤ ਦੇ ਕਮਰੇ ਵਿੱਚ ਪਹੁੰਚੀ। ਉਸਦੇ ਸੰਗੀਤ ਅਧਿਆਪਕਾ ਸ਼੍ਰੀ ਮਤੀ ਸੁਰਿੰਦਰ ਕੌਰ ਬਹੁਤ ਹੀ ਚੰਗੇ ਸੁਭਾਅ ਦੇ ਮਾਲਕ ਸਨ। ਇਸ ਜਮਾਤ ਵਿੱਚ ਅਧਿਆਪਕਾਂ ਨੇ ਸਾਰੇ ਵਿਦਿਆਰਥੀਆਂ ਦੀ ਆਵਾਜ਼ ਸੁਣਨ ਲਈ ਪਹਿਲਾਂ ਉਨ੍ਹਾਂਤੋਂ ਗਾਣੇ ਸੁਣੇ। ਇਸ ਉਪਰੰਤ ਸ਼੍ਰੀ ਮਤੀ ਸੁਰਿੰਦਰ ਕੌਰ ਨੇ ਆਪ ਵਿਦਿਆਰਥੀਆਂ ਨੂੰ ਰਾਗ ਭੈਰਵ ਸੁਣਾਇਆ। ਵਿਦਿਆਰਥੀ ਸੁਣ ਕੇ ਬਹੁਤ ਖੁਸ਼ ਹੋਏ। ਦੀਪਿਕਾ ਨੇ ਅਧਿਆਪਕਾਂ ਨੂੰ ਪੁੱਛਦੇ ਹੋਏ ਕਿਹਾ, ''ਮੈਡਮ ਜੀ, ਸਾਨੂੰ ਤੁਹਾਡਾ ਗਾਣਾ ਸੁਣਨ ਵਿੱਚ ਤਾਂ ਬਹਤੁ ਚੰਗਾ ਲੱਗਾ ਹੈ, ਪਰ ਇਸ ਬਾਰੇ ਸਾਨੂੰ ਬਹੁਤਾ ਸਮਝ ਨਹੀ ਆਇਆ ਕਿ ਤੁਸੀਂ ਕੀ ਸੁਣਾਇਆ ਹੈ।'' ਅਧਿਆਪਕਾ ਨੇ ਪਿਆਰ ਨਾਲ ਉਸਦੇ ਸਿਰ ਤੇ ਹੱਥ ਰੱਖ ਕੇ ਸਮਝਾਉਂਦੇ ਹੋਏ ਕਿਹਾ, ''ਬੇਟਾ, ਮੈਂ ਤੁਹਾਨੂੰ ਰਾਗ ਭੈਰਵ ਸੁਣਾਇਆ ਹੈ। ਸੰਗੀਤ ਵਿੱਚ ਜੋ ਅਸੀਂ ਤੁਹਾਨੂੰ ਸਿਖਾਉਣਾ ਹੈ, ਉਹ ਰਾਗ ਗਾਇਨ ਹੀ ਹੈ।''

ਦੀਪਿਕਾ ਨੇ ਮੁੜ ਅਧਿਆਪਕਾ ਨੂੰ ਪੁੱਛਿਆ, ''ਮੈਡਮ ਜੀ, ਇਸ ਰਾਗ ਗਾਇਨ ਦਾ ਸਾਨੂੰ ਕੀ ਫਾਇਦਾ ਹੋਵੇਗਾ ''

ਇਸ ਗੱਲ ਨੂੰ ਸੁਣ ਕੇ ਅਧਿਆਪਕਾ ਜੀ ਮੁਸਕਰਾ ਪਏ ਤੇ ਕਹਿਣੇ ਲੱਗੇ, ''ਬੇਟਾ, ਇਸ ਸੰਗੀਤ ਦਾ ਸਾਡੇ ਜੀਵਨ ਵਿੱਚ ਬਹੁਤ ਜ਼ਿਆਦਾ ਮਹੱਤਵ ਮੰਨਿਆ ਗਿਆ ਹੈ। ਪੁਰਾਤਨ ਸਮੇਂ ਤੋਂ ਹੀ ਰਿਸ਼ੀਆਂ - ਮੁਨੀਆਂ ਨੇ ਸੰਗੀਤ ਨੂੰ ਮੋਕਸ਼ ਪ੍ਰਾਪਤੀ ਦਾ ਸਾਧਨ ਮੰਨਿਆ ਹੈ। ਅੰਜ ਦੇ ਤਨਾਵ ਭਰੇ ਜੀਵਨ ਵਿੱਚ ਵੀ ਸੰਗੀਤ ਦਾ ਓਨ੍ਹਾਂ ਹੀ ਮਹੱਤਵ ਹੈ। ਸੰਗੀਤ ਦਾ ਪ੍ਰਯੋਗ ਅੱਜ ਕਈ ਤਰ੍ਹਾਂ ਦੀਆਂ ਬਿਮਾਰੀਆਂ ਦੇ ਇਲਾਜ ਦੇ ਰੂਪ ਵਿੱਚ ਕੀਤਾ ਜਾ ਰਿਹਾ ਹੈ। ਕਿਹਾ ਜਾਂਦਾ ਹੈ ਕਿ ਉਸਤਾਦ ਸੂਰਜ ਖਾਂ ਨੇ ਰਾਮਪੁਰ ਦੇ ਨਵਾਬ ਨੂੰ ਰਾਗ ਜੈ ਜੈਵੰਤੀ ਸੁਣਾ ਕੇ ਉਹਨਾਂ ਦੀ ਅਧਰੰਗ ਦੀ ਬਿਮਾਰੀ ਠੀਕ ਕਰ ਦਿੱਤੀ ਸੀ। ਬੰਸਰੀ ਤੋਂ ਨਿਕਲਣ ਵਾਲੀਆਂ ਧੁਨਾਂ ਮਾਨਸਿਕ ਸ਼ਾਂਤੀ ਪ੍ਰਦਾਨ ਕਰਦੀਆਂ ਹਨ। ਰਾਗ ਆਸਾਵਰੀ ਸੁਣ ਕੇ ਘੱਟ ਬਲੱਡ ਪ੍ਰੈਸ਼ਰ ਦੇ ਮਰੀਜਾਂ ਨੂੰ ਆਰਾਮ ਪਹੁੰਚਦਾ ਹੈ।''

ਅਧਿਆਪਕਾ ਦੀਆਂ ਗੱਲਾਂ ਸੁਣ ਕੇ ਦੀਪਿਕਾ ਉਤਸ਼ਾਹ ਨਾਲ ਬੋਲ ਪਈ, ''ਮੈਡਮ ਜੀ, ਫੇਰ ਤਾਂ ਇਸ ਸੰਗੀਤ ਦਾ ਸਾਨੂੰ ਬਹੁਤ ਜ਼ਿਆਦਾ ਲਾਭ ਹੈ। ਇਸਦੀ ਵਰਤੋਂ ਹਸਪਤਾਲਾਂ ਵਿੱਚ ਵੀ ਕੀਤੀ ਜਾ ਸਕਦੀ ਹੈ''

ਅਧਿਆਪਕਾ ਜੀ ਮੁਸਕਰਾ ਦੇ ਬੋਲੇ, ''ਹਾਂ ਤੇਰੀ ਇੰਞ ਗੱਲ ਬਿਲਕੁੱਲ ਠੀਕ ਹੈ। ਏਨਾ ਹੀ ਨਹੀਂ, ਪੌਦਿਆਂ ਅਤੇ ਪਸ਼ੂਆਂ ਤੇ ਵੀ ਸੰਗੀਤ ਸੰਬੰਧੀ ਪ੍ਰਯੋਗ ਕੀਤੇ ਗਏ ਹਨ। ਪੌਦਿਆਂ ਨੂੰ ਰਾਗ ਗਾਇਨ ਸੁਣਾਉਣ ਨਾਲ ਉਹਨਾਂ

ਵਿੱਚ ਵਾਧਾ ਜਲਦੀ ਹੋਇਆ ਤੇ ਫੁੱਲ ਜਲਦੀ ਲੱਗ ਗਏ। ਰਾਗ ਬਾਗੇਸ਼ਵਰੀ ਸੁਣ ਕੇ ਗਾਵਾਂ ਵੱਧ ਦੁੱਧ ਦੇਣ ਲੱਗ ਪਈਆ।''

ਇੱਕ ਵਿਦਿਆਰਥਣ ਅਧਿਆਪਕਾ ਜੀ ਤੋਂ ਹੋਰ ਪੁੱਛਣ ਲੱਗੀ, ''ਮੈਡਮ ਜੀ, ਜੋ ਸੰਗੀਤ ਅਸੀਂ ਵਿਆਹ ਸ਼ਾਦੀਆਂ ਵਿੱਚ ਸੁਣਦੇ ਹਾਂ, ਉਹ ਸੁਣ ਕੇ ਤਾਂ ਕਈ ਵਾਰ ਸਾਡਾ ਸਿਰ ਵੀ ਦੁਖਣ ਲੱਗ ਪੈਂਦਾ ਹੈ।''

ਅਧਿਆਪਕਾ ਜੀ ਦੱਸਣ ਲਗੇ, ''ਹਾਂ ਬੇਟੇ, ਤੁਹਾਡੀ ਗੱਲ ਬਿਲਕੁੱਲ ਸਹੀ ਹੈ। ਅੱਜ ਸਮਾਜ ਵਿੱਚ ਜ਼ਿਆਦਾ ਸੋਰ - ਸ਼ਰਾਬੇ ਵਾਲੇ ਸੰਗੀਤ ਨੂੰ ਸੁਣਿਆ ਜਾ ਰਿਹਾ ਹੈ, ਜੋ ਹੋਰ ਤਨਾਵ ਦਿੰਦਾ ਹੈ। ਅੱਜ ਦੇ ਸਮੇਂ ਵਿੱਚ ਸਾਨੂੰ ਸ਼ਾਸਤਰੀ ਸੰਗੀਤ ਦਾ ਵਧੇਰੇ ਸਹਾਰਾ ਲੈਣਾ ਚਾਹੀਦਾ ਹੈ। ਸ਼ਾਸਤਰੀ ਸੰਗੀਤ ਨਾਲ ਕੁਝ ਸਮੇਂ ਲਈ ਆਪਣੀ ਬਿਮਾਰੀ ਤੱਕ ਭੁੱਲ ਜਾਂਦਾ ਹੈ। ਇਸ ਨਾਲ ਸਾਡੀ ਯਾਦ ਸ਼ਕਤੀ ਵਿੱਚ ਵਾਧਾ ਹੁੰਦਾ ਹੈ। ਇੱਥੋਂ ਤੱਕ ਕਿ ਬੱਚਿਆਂ ਨੂੰ ਪੜ੍ਹਾਈ ਵੀ ਸੰਗੀਤ ਦੀ ਸਹਾਇਤਾ ਨਾਲ ਕਰਵਾਈ ਜਾ ਰਹੀ ਹੈ। ਸੰਗੀਤ ਨਾਲ ਸਾਡਾ ਮਾਸਿਕ ਅਤੇ ਸਰੀਰਕ ਤਨਾਅ ਦੂਰ ਹੁੰਦਾ ਹੈ। ਇੱਕੋਂ ਤੱਕ ਕਿ ਨਸ਼ੇ ਦੇ ਆਦੀ ਮਨੁੱਖ ਨੂੰ ਨਸ਼ੇ ਛੱਡਣ ਵਿੱਚ ਸਹਾਇਤਾ ਕਰਦਾ ਹੈ।''

''ਮੈਡਮ ਜੀ ਕੀ ਸੰਗੀਤ ਦੀ ਪੜ੍ਹਾਈ ਕਰਕੇ ਅਸੀ ਕੋਈ ਨੌਕਰੀ ਵੀ ਪ੍ਰਾਪਤ ਕਰ ਸਕਦੇ ਹਾਂ,'' ਅਨੀਤਾ ਨੇ ਆਪਣੇ ਮਨ ਦੀ ਗੱਲ ਅਧਿਆਪਕਾ ਤੋਂ ਝਿਜਕਦੇ ਹੋਏ ਪੁੱਛੀ।

ਅਧਿਆਪਕਾ ਜੀ ਉੱਤਰ ਦਿੰਦੇ ਹੋਏ ਬੋਲੇ, ''ਹਾਂ ਬੇਟੇ, ਕਿਉਂ ਨਹੀਂ। ਸੰਗੀਤ ਦੀ ਪੜ੍ਹਾਈ ਕਰਕੇ ਤੁਸੀਂ ਅਧਿਆਪਨ ਕਿੱਤੇ ਵਿੱਚ ਨੌਕਰੀ, ਸੰਗੀਤ ਕੰਪਨੀਆਂ ਅਤੇ ਨਾਟਕ ਕੰਪਨੀਆਂ ਵਿੱਚ ਨੌਕਰੀ, ਰੇਡੀਓ ਜਾਕੀ ਪਾਰਸ਼ਵ ਗਾਇਕ ਦੇ ਤੌਰ ਤੇ ਕੰਮ ਕਰ ਸਕਦੇ ਹੋ ਅਤੇ ਸੰਗੀਤ ਅਕੈਡਮੀ ਵੀ ਖੋਲ ਸਕਦੇ ਹੋ।''

ਐਨੇ ਵਿੱਚ ਪੀਰੀਅਡ ਖਤਮ ਹੋਣ ਦੀ ਘੰਟੀ ਵੱਜ ਗਈ। ਅਧਿਆਪਕਾ ਜੀ ਨੇ ਕਿਹਾ, ''ਚਲੋ ਅੱਜ ਲਈ ਐਨਾ ਹੀ ਬਹੁਤ ਹੈ।''

ਦੀਪਿਕਾ ਖੁਸ਼ ਹੋ ਕੇ ਬੋਲੀ, ''ਮੈਡਮ ਜੀ ਇੱਕ ਤਾਂ ਪਹਿਲਾਂ ਹੀ ਆਪਣੀ ਪਸੰਦ ਦਾ ਵਿਸ਼ਾ ਲੈਣ ਕਰਕੇ ਮੈਂ ਬਹੁਤ ਖੁਸ਼ ਸੀ। ਜਦੋਂ ਮੈਂ ਕਿਸੇ ਨੂੰ ਗਾਉਂਦੇ ਵਜਾਉਂਦੇ ਹੋਏ ਸੁਣਦੀ ਸੀ ਤਾਂ ਮੇਰਾ ਵੀ ਦਿਲ ਕਰਦਾ ਸੀ ਕਿ ਮੈਂ ਵੀ ਸੰਗੀਤ ਸਿੱਖਾ। ਅੱਜ ਤੁਸੀਂ ਮੈਨੂੰ ਸੰਗੀਤ ਦੇ ਬਾਰੇ ਵਿੱਚ ਐਨਾ ਕੁਝ ਦੱਸਕੇ ਸੰਗੀਤ ਪ੍ਰਤੀ ਮੇਰੀ ਰੁਚੀ ਵਿੱਚ ਹੋਰ ਵਾਧਾ ਕਰ ਦਿੱਤਾ ਹੈ।''

ਇਸ ਤੋਂ ਬਾਅਦ ਸਾਰੇ ਵਿਦਿਆਰਥੀ ਆਪਣਾ ਅਗਲਾ ਪੀਰੀਅਡ ਲਗਾਉਣ ਲਈ ਚਲੇ ਗਏ।

## ਪਾਠ - ਅਭਿਆਸ

### ਵਸਤੂਨਿਸ਼ਠ ਪ੍ਰਸ਼ਨ

1. ਆਪਣੇ ਮੰਨ ਪਸੰਦ ਵਿਸ਼ੇ ਦਾ ਨਾਂ ਦੱਸੋ ?
2. ਸੰਗੀਤ ਕਿਹੜੇ ਸਮੇਂ ਤੋਂ ਸਾਡੇ ਨਾਲ ਚਲ ਰਿਹਾ ਹੈ ?
3. ਪੌਦਿਆਂ ਨੂੰ ਸੰਗੀਤ ਸੁਣਾਉਣ ਨਾਲ ਕੀ ਅਸਰ ਹੋਇਆ ?

4. ਕਿਹੜਾ ਰਾਗ ਸੁਣ ਕੇ ਘੱਟ ਬਲੱਡ ਪ੍ਰੈਸ਼ਰ ਦੇ ਮਰੀਜ਼ ਨੂੰ ਅਰਾਮ ਮਿਲਦਾ ਹੈ ?

5. ਸਰੀਰਕ ਤਨਾਅ ਖਤਮ ਕਰਨ ਲਈ ਸਾਨੂੰ ਕੀ ਸੁਣਨਾ ਚਾਹੀਦਾ ਹੈ ?

6. ਸੰਗੀਤ ਦੀ ਡਿਗਰੀ ਲੈ ਕੇ ਤੁਸੀਂ ਕਿਹੜੇ - ਕਿਹੜੇ ਕਿੱਤੇ ਵਿੱਚ ਜਾ ਸਕਦੇ ਹੋ ?

7. ਕਿਹੜੇ ਰਾਗ ਨੂੰ ਸੁਣ ਕੇ ਗਾਵਾਂ ਨੇ ਵੱਧ ਦੁੱਧ ਦੇਣ ਲਗੀਆਂ ?

ਅਧਿਆਪਕ ਲਈ

